## ਅਧਿਆਇ 5

# ਡੇਰੇ ਨੂੰ ਸ਼ੁੱਧ ਰੱਖਣਾ

ਗਿਣਤੀ 5 ਅਤੇ 6 ਵਿਚ, ਇਸਰਾਏਲੀਆਂ ਦੇ ਕੂਚ ਕਰਨ ਲਈ ਉਨ੍ਹਾਂ ਦੀ ਤਿਆਰੀ ਦਾ ਕੇਂਦਰਬਿੰਦੂ ਦਾ ਰੁੱਖ ਸਰੀਰਕ - ਲੋਕਾਂ ਦੀ ਗਿਣਤੀ, ਡੇਰੇ ਦਾ ਪ੍ਰਬੰਧ ਅਤੇ ਜਾਜਕਾਂ ਅਤੇ ਲੇਵੀਆਂ ਦੇ ਕੰਮ - ਤੋਂ ਆਤਮਿਕ ਵਿਚ ਬਦਲ ਜਾਂਦਾ ਹੈ: ਡੇਰੇ ਵਿੱਚੋਂ ਪਾਪ ਅਤੇ ਅਸ਼ੁੱਧਤਾਈ ਦਾ ਖਾਤਮਾ।

ਜਦੋਂ ਇਸਰਾਏਲੀਆਂ ਨੇ ਸੀਨਈ ਤੋਂ ਕੂਚ ਕਰਨ ਦੀ ਤਿਆਰੀ ਕੀਤੀ, ਉਨ੍ਹਾਂ ਨੇ ਆਪਣੇ ਆਪ ਨੂੰ ਕਿਸੇ ਵੀ ਅਜਿਹੀ ਚੀਜ਼ ਤੋਂ ਸ਼ੁੱਧ ਕਰਨਾ ਸੀ ਜਿਹੜੀ ਉਨ੍ਹਾਂ ਨੂੰ ਅਸ਼ੁੱਧ ਬਣਾ ਸਕਦੀ ਸੀ। ਪਰਮੇਸ਼ੁਰ ਦੇ ਲੋਕਾਂ ਨੂੰ, ਉਸ ਦੀ ਸੈਨਾ ਹੋਣ ਦੇ ਨਾਤੇ, ਆਪਣੇ ਆਪ ਨੂੰ ਰਸਮੀ ਅਤੇ ਅਸਲ ਦੋਹਾਂ ਅਸ਼ੁੱਧਤਾਈਆਂ ਤੋਂ ਸ਼ੁੱਧ ਕਰਨਾ ਪੈਣਾ ਸੀ ਇਸ ਤੋਂ ਪਹਿਲਾਂ ਕਿ ਉਹ ਉਨ੍ਹਾਂ ਲੜਾਈਆਂ ਨੂੰ ਜਿੱਤ ਸਕਦੇ ਜੋ ਉਨ੍ਹਾਂ ਦੇ ਅੱਗੇ ਪਈਆਂ ਸਨ। ਅਧਿਆਇ 5 ਇਸਰਾਏਲ ਦੇ ਸ਼ੁੱਧ ਰਹਿਣ ਦੀ ਬੁਲਾਹਟ ਦਾ ਵਰਣਨ ਕਰਦਾ ਹੈ ਅਤੇ ਇਸ ਗੱਲ ਦਾ ਵੇਰਵਾ ਦਿੰਦਾ ਹੈ ਕਿ ਕਿਵੇਂ ਰਸਮੀ ਅਸ਼ੁੱਧਤਾਈ ਨੂੰ ਉਨ੍ਹਾਂ ਵਿੱਚੋਂ ਦੂਰ ਕੀਤਾ ਜਾਣਾ ਸੀ ਅਤੇ ਕਿਵੇਂ ਪਾਪ ਨਾਲ ਨਜਿੱਠਿਆ ਜਾਣਾ ਸੀ ਫਿਰ ਭਾਵੇਂ ਉਹ ਪਾਪ ਅਸਲੀ ਜਾਂ ਸ਼ੱਕੀ ਹੋਵੇ। ਅਧਿਆਇ 6 ਨਜ਼ੀਰਾਂ ਸੰਬੰਧੀ ਜਿਹੜੇ ਪਰਮੇਸ਼ੁਰ ਦੀ ਸਾਰੀ ਪਰਜਾ ਵਿੱਚੋਂ ਸ਼ੁੱਧਤਾ ਦੇ ਲਈ ਸਭ ਤੋਂ ਸਖ਼ਤ ਕਾਨੂੰਨਾਂ ਦੀ ਪਾਲਣਾ ਕਰਦੇ ਹਨ ਕਾਨੂੰਨਾਂ ਨੂੰ ਦੇਣ ਦੁਆਰਾ ਸ਼ੁੱਧਤਾਂ ਦੇ ਵਿਸ਼ੇ ਨਾਲ ਅੱਗੇ ਜਾਰੀ ਰਹਿੰਦਾ ਹੈ।

## ਰਸਮੀ ਅਸ਼ੁੱਧਤਾਈ ਨੂੰ ਦੂਰ ਕਰਨਾ (5:1-4)

**1ਯਹੋਵਾਹ ਮੂਸਾ ਨੂੰ ਬੋਲਿਆ, 2ਇਸਰਾਏਲੀਆਂ ਨੂੰ ਹੁਕਮ ਦੇਹ ਕਿ ਓਹ ਡੇਰੇ ਵਿੱਚੋਂ ਸਾਰੇ
ਕੋੜ੍ਹੀਆਂ ਨੂੰ ਅਤੇ ਸਾਰੇ ਧਾਂਤ ਵਗਣ ਵਾਲਿਆਂ ਨੂੰ ਅਤੇ ਸਾਰੇ ਜਿਹੜੇ ਲੋਥਾਂ ਤੋਂ ਅਸ਼ੁੱਧ ਹੋਣ। 3ਭਾਵੇਂ
ਨਰ ਭਾਵੇਂ ਨਾਰੀ ਤੁਸੀਂ ਉਨ੍ਹਾਂ ਨੂੰ ਲੈ ਜਾ ਕੇ ਡੇਰੇ ਤੋਂ ਬਾਹਰ ਕੱਢਿਓ ਤਾਂ ਜੋ ਓਹ ਉਨ੍ਹਾਂ ਦੇ ਡੇਰਿਆਂ
ਨੂੰ ਜਿਨ੍ਹਾਂ ਵਿੱਚ ਮੈਂ ਵੱਸਦਾ ਹਾਂ ਅਸ਼ੁੱਧ ਨਾ ਕਰਨ। 4ਤਾਂ ਇਸਰਾਏਲੀਆਂ ਨੇ ਏਵੇਂ ਹੀ ਕੀਤਾ ਅਤੇ
ਉਨ੍ਹਾਂ ਨੂੰ ਡੇਰੇ ਤੋਂ ਬਾਹਰ ਕੱਢ ਦਿੱਤਾ। ਜਿਵੇਂ ਯਹੋਵਾਹ ਮੂਸਾ ਨੂੰ ਬੋਲਿਆ ਤਿਵੇਂ ਹੀ ਇਸਰਾਏਲੀਆਂ
ਨੇ ਕੀਤਾ।**

**ਆਇਤਾਂ 1-3.** ਪਰਮੇਸ਼ੁਰ ਨੇ ਮੂਸਾ ਨੂੰ ਕਿਸੇ ਵੀ ਵਿਅਕਤੀ ਨੂੰ **ਡੇਰੇ ਤੋਂ ਬਾਹਰ ਕੱਢਣ** ਦਾ ਹੁਕਮ ਦਿੱਤਾ ਸੀ ਜਿਹੜਾ ਅਸ਼ੁੱਧ ਕੀਤਾ ਗਿਆ ਸੀ। ਆਇਤ 2 ਵਿਚ ਉਸ ਨੇ ਤਿੰਨ ਸਮੂਹਾਂ ਬਾਰੇ ਸਪੱਸ਼ਟ ਤੌਰ ਤੇ ਦੱਸਿਆ ਹੈ ਅਤੇ ਇਹ ਕਾਨੂੰਨ ਦੋਹਾਂ ਤੇ ਲਾਗੂ ਹੁੰਦੇ ਸਨ ਉਹ **ਭਾਵੇਂ ਨਰ ਭਾਵੇਂ ਨਾਰੀ** ਹੋਵੇ।

1. **ਸਾਰੇ ਕੋੜ੍ਹੀ।** ਪੁਰਾਣਾ ਨੇਮ ਇਬਰਾਨੀ ਸ਼ਬਦ צָרַעַת *(ਸਾਰਾ'ਅਥ)* ਦੀ ਵਰਤੋਂ ਕਰਦਾ ਹੈ, ਜਿਸ ਦਾ ਅਨੁਵਾਦ "ਕੋੜ੍ਹ," ਕਿਸੇ ਵੀ ਕਿਸਮ ਦਾ ਚਮੜੀ ਦਾ ਰੋਗ ਕੀਤਾ ਗਿਆ ਹੈ।

2. **ਸਾਰੇ ਧਾਂਤ ਵਗਣ ਵਾਲੇ।** ਇਸ ਵਰਣਨ ਵਿਚ ਮਰਦ ਦਾ ਵੀਰਜ ਨਿੱਕਲਣਾ ਅਤੇ ਔਰਤ ਦਾ ਮਹਾਵਾਰੀ ਆਉਣਾ ਸ਼ਾਮਲ ਸੀ, ਪਰ ਇਹ ਉੱਥੋਂ ਤੱਕ ਸੀਮਤ ਨਹੀਂ ਸੀ (ਵੇਖੋ ਲੇਵੀਆਂ 15)।
3. **ਸਾਰੇ ਜਿਹੜੇ ਲੋਥਾਂ ਤੋਂ ਅਸ਼ੁੱਧ** [ਸਨ] **ਹੋਣ।** ਇਹ ਭਾਸ਼ਾ ਉਨ੍ਹਾਂ ਦਾ ਹਵਾਲਾ ਦਿੰਦੀ ਹੈ ਜਿਹੜੇ ਲੋਥ ਦੇ ਸੰਪਰਕ ਵਿਚ ਆਉਣ ਨਾਲ ਅਸ਼ੁੱਧ ਹੋ ਗਏ ਸਨ।

ਅਸ਼ੁੱਧਤਾ ਦਾ ਚੌਥਾ ਕਾਰਣ, ਜਿਸ ਦੇ ਬਾਰੇ ਲੇਵੀਆਂ ਦੀ ਪੁਸਤਕ ਵਿਚ ਗੱਲ ਕੀਤੀ ਗਈ ਸੀ, ਅਸ਼ੁੱਧ ਜਾਨਵਰ ਦਾ ਮਾਸ ਖਾਣਾ ਜਾਂ ਅਸ਼ੁੱਧ ਜਾਨਵਰ ਦੇ ਸੰਪਰਕ ਵਿਚ ਆਉਣਾ।

ਇਨ੍ਹਾਂ ਵਿਅਕਤੀਆਂ ਨੂੰ **ਡੇਰੇ ਤੋਂ ਬਾਹਰ ਕੱਢਣ** ਦਾ ਕਾਰਣ ਉਨ੍ਹਾਂ ਦੇ ਡੇਰੇ ਨੂੰ ਅਸ਼ੁੱਧ ਹੋਣ ਤੋਂ ਬਚਾ ਕੇ ਰੱਖਣਾ ਸੀ, ਕਿਉਂਕਿ ਪਰਮੇਸ਼ੁਰ ਨੇ ਆਖਿਆ ਸੀ, **ਮੈਂ ਉਨ੍ਹਾਂ ਵਿੱਚ ਵੱਸਾਂਗਾ।** ਇਨ੍ਹਾਂ ਲੋਕਾਂ ਵਿਚ “ਪਵਿੱਤ੍ਰ ਕੌਮ” ਸ਼ਾਮਲ ਸੀ (ਕੂਚ 19:6) ਕਿਉਂਕਿ ਪਰਮੇਸ਼ੁਰ ਡੇਰਹੇ ਵਿਚ ਉਨ੍ਹਾਂ ਦੇ ਵਿਚ ਵੱਸਿਆ ਸੀ। ਪਰਮੇਸ਼ੁਰ ਦੀ ਹਜ਼ੂਰੀ ਦੀ ਪਵਿੱਤਰਤਾ ਨੂੰ ਅਸ਼ੁੱਧ ਕਰਨ ਦੇ ਲਈ ਕਿਸੇ ਵੀ ਅਸ਼ੁੱਧ ਚੀਜ਼ ਨੂੰ ਅੰਦਰ ਲੈ ਕੇ ਜਾਣ ਦੀ ਆਗਿਆ ਨਹੀਂ ਸੀ।[1]

ਇੱਥੇ ਦਿੱਤੀਆਂ ਗਈਆਂ ਹਦਾਇਤਾਂ ਦਾ ਉਦੇਸ਼ ਪਹਿਲਾਂ ਲੇਵੀਆਂ 11-15 ਵਿਚ ਪਾਏ ਜਾਣ ਵਾਲੇ ਕਾਨੂੰਨ ਨੂੰ ਪੂਰਾ ਕਰਨਾ ਸੀ। ਉਨ੍ਹਾਂ ਅਧਿਆਵਾਂ ਵਿਚ, ਅਸ਼ੁੱਧਤਾ ਦੀ ਪਰਿਭਾਸ਼ਾ ਦਿੱਤੀ ਗਈ ਹੈ ਅਤੇ ਇਸ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਲੋਕਾਂ ਨੇ, ਹਰ ਵਿਅਕਤੀ ਦੇ ਮਾਮਲੇ ਵਿਚ, ਅਸ਼ੁੱਧਤਾ ਦੀ ਸਮੱਸਿਆ ਨਾਲ ਕਿਵੇਂ ਨਜਿੱਠਣਾ ਸੀ। ਅਧਿਆਇ 5 ਅਸ਼ੁੱਧ ਵਿਅਕਤੀ ਦੇ ਡੇਰੇ ਵਿੱਚੋਂ ਬਾਹਰ ਕੱਢੇ ਜਾਣ ਸੰਬੰਧੀ ਹੋਰ ਜਾਣਕਾਰੀ ਦਿੰਦਾ ਹੈ। ਡੇਰੇ ਵਿਚ ਇਸ ਤਰ੍ਹਾਂ ਬਾਹਰ ਕੱਢਿਆ ਜਾਣਾ ਆਮ ਤੌਰ ਤੇ ਆਰਜ਼ੀ ਹੁੰਦਾ ਸੀ। ਜਿਵੇਂ ਹੀ ਸਮੱਸਿਆ ਸੁਲਝਾ ਲਈ ਜਾਂਦੀ ਸੀ, ਜਾਂ ਜਿਵੇਂ ਹੀ ਸ਼ੁੱਧ ਹੋਣ ਦੇ ਲਈ ਨਿਰਧਾਰਤ ਕੀਤਾ ਗਿਆ ਸਮਾਂ ਬੀਤ ਜਾਂਦਾ ਸੀ, ਡੇਰੇ ਵਿੱਚੋਂ ਬਾਹਰ ਕੱਢਿਆ ਗਿਆ ਵਿਅਕਤੀ ਦੁਬਾਰਾ ਸਮਾਜ ਵਿਚ ਸ਼ਾਮਲ ਹੋ ਸਕਦਾ ਸੀ। ਲਾਇਲਾਜ ਕੋੜ੍ਹ ਦੇ ਮਾਮਲੇ ਵਿਚ, ਡੇਰੇ ਵਿੱਚੋਂ ਸਥਾਈ ਤੌਰ ਤੇ ਬਾਹਰ ਕੱਢ ਦਿੱਤਾ ਜਾਂਦਾ ਸੀ।

5:1-3 ਵਿਚ ਅਸ਼ੁੱਧਤਾਈ ਸੰਬੰਧੀ ਇਕ ਮੁਢਲਾ ਸਵਾਲ ਜਿਸ ਤੇ ਵਿਚਾਰ ਕੀਤਾ ਜਾ ਰਿਹਾ ਹੈ ਉਹ ਹੈ ਕਿ “ਇੱਥੇ ਦੱਸੀਆਂ ਗਈਆਂ ਗੱਲਾਂ - ਰੋਗੀ ਹੋਣਾ, ਸਰੀਰ ਵਿੱਚੋਂ ਧਾਂਤ ਦਾ ਵਗਣਾ ਅਤੇ ਲੋਥ ਨੂੰ ਛੋਹਣਾ - ਨੂੰ ਅਸ਼ੁੱਧਤਾਈ ਦਾ ਕਾਰਣ ਕਿਉਂ ਸਮਝਿਆ ਜਾਣਾ ਚਾਹੀਦਾ ਹੈ?” ਇਹ ਸਵਾਲ ਖਾਸਕਰ ਉਲਝਣ ਵਿਚ ਪਾਉਣ ਵਾਲਾ ਹੈ ਕਿਉਂਕਿ (1) ਇੱਥੇ ਅਸ਼ੁੱਧਤਾਈ ਦੀਆਂ ਕਿਸਮਾਂ ਨੈਤਿਕ ਤੌਰ ਤੇ ਗਲਤ ਨਹੀਂ ਜਾਪਦੀਆਂ ਅਤੇ (2) ਜ਼ਰੂਰੀ ਨਹੀਂ, ਜਾਂ ਆਮ ਤੌਰ ਤੇ ਉਹ ਮਰਜ਼ੀ ਨਾਲ ਨਹੀਂ ਹੁੰਦੀਆਂ।

ਇਸ ਸਵਾਲ ਦਾ ਇਕ ਜਵਾਬ ਇਹ ਹੈ ਕਿ ਇਹ ਬੰਦ ਨੈਤਿਕ ਗਲਤੀਆਂ ਬਾਰੇ ਨਹੀਂ ਹੈ, ਪਰ ਰਸਮੀ ਅਸ਼ੁੱਧਤਾਈ ਦੇ ਬਾਰੇ ਹੈ। ਰਸਮੀ ਤੌਰ ਤੇ ਅਸ਼ੁੱਧ ਹੋਣਾ ਪਾਪ ਨਹੀਂ ਸੀ (ਹਾਲਾਂਕਿ ਜੇਕਰ ਅਸ਼ੁੱਧ ਵਿਅਕਤੀ ਉਸ ਦੇ ਸੰਪਰਕ ਵਿਚ ਆ ਜਾਂਦਾ ਸੀ ਜੋ ਪਵਿੱਤਰ ਸੀ, ਇਸ ਤਰ੍ਹਾਂ ਕਰਕੇ ਉਹ ਪਾਪ ਕਰਦਾ ਸੀ)।

ਕਿਉਂ ਇਹ ਵਿਸ਼ੇਸ਼ ਹਾਲਾਤ ਵਿਅਕਤੀ ਨੂੰ ਅਸ਼ੁੱਧ ਬਣਾ ਦਿੰਦੇ ਸਨ, ਅਸੀਂ ਇਸ ਦੇ ਬਾਰੇ ਨਿਸ਼ਚਤ ਨਹੀਂ ਹੋ ਸਕਦੇ। ਪਰਮੇਸ਼ੁਰ ਨੇ ਇਸ ਦਾ ਜਵਾਬ ਨਹੀਂ ਦਿੱਤਾ, ਪਰ ਇਹ ਸੰਭਾਵਨਾ ਜ਼ਰੂਰ ਹੈ। ਮਨੁੱਖ ਦੀ ਸਧਾਰਣ, ਜਾਂ ਆਮ ਦਸ਼ਾ ਸ਼ੁੱਧ ਹੈ। ਤਿੰਨ ਚੀਜ਼ਾਂ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ - ਰੋਗ, ਧਾਂਤ ਦਾ ਵਗਣਾ ਅਤੇ ਮੌਤ - ਸਧਾਰਣ ਜਾਂ ਆਮ ਨਹੀਂ ਹਨ; ਜ਼ਿਆਦਾ ਸਮਾਂ ਜਿਆਦਾਤਰ ਵਿਅਕਤੀਆਂ ਦੁਆਰਾ ਇਨ੍ਹਾਂ ਚੀਜ਼ਾਂ ਦਾ ਅਨੁਭਵ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਖਾਸਕਰ ਰੋਗ ਅਤੇ ਮੌਤ ਦੇ ਮਾਮਲੇ ਵਿਚ (ਅਤੇ ਸ਼ਾਇਦ ਸਰੀਰ ਦੇ ਤਰਲ ਪਦਾਰਥ

ਦੇ ਘਾਟੇ ਵਿਚ ਵੀ), ਉਹ ਮਨੁੱਖੀ ਹਾਲਤ ਦੇ ਵਿਗਾੜ ਦਾ ਸੁਝਾਅ ਦਿੰਦੇ ਹਨ। ਉਹ ਮਨੁੱਖਜਾਤੀ ਦੇ ਲਈ ਨਕਾਰਾਤਮਕ ਹਾਲਤ ਉਤਪੰਨ ਕਰਦੇ ਹਨ, ਉਹ ਹਾਲਤ ਜਿਸ ਨੂੰ ਪੁਰਾਣੇ ਨੇਮ ਵਿਚ "ਅਸ਼ੁੱਧ" ਸ਼ਰੇਣੀ ਵਿਚ ਰੱਖਿਆ ਗਿਆ ਹੈ।

**ਆਇਤ 4.** ਲਿਖਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ **ਇਸਰਾਏਲੀਆਂ ਨੇ ਏਵੇਂ ਹੀ ਕੀਤਾ** ਜਿਵੇਂ ਯਹੋਵਾਹ ਨੇ ਹੁਕਮ ਦਿੱਤਾ ਸੀ **ਅਤੇ ਉਨ੍ਹਾਂ ਨੂੰ ਡੇਹਰੇ ਵਿੱਚੋਂ ਬਾਹਰ ਕੱਢ ਦਿੱਤਾ** ਜਿਹੜੇ ਅਸ਼ੁੱਧ ਸਨ। **ਜਿਵੇਂ ਯਹੋਵਾਹ ਮੂਸਾ ਨੂੰ ਬੋਲਿਆ ਤਿਵੇਂ ਹੀ ਇਸਰਾਏਲੀਆਂ ਨੇ ਕੀਤਾ।**

## ਗਲਤੀ ਦੇ ਲਈ ਪਰਾਸਚਿਤ ਕਰਨਾ (5:5-10)

**[5]ਯਹੋਵਾਹ ਮੂਸਾ ਨੂੰ ਬੋਲਿਆ, [6]ਇਸਰਾਏਲੀਆਂ ਨੂੰ ਬੋਲ ਕਿ ਜਦ ਕੋਈ ਮਨੁੱਖ ਅਥਵਾ ਤੀਵੀਂ ਕੋਈ ਪਾਪ ਕਰੇ ਜਿਹੜਾ ਇਨਸਾਨ ਕਰਦਾ ਹੈ ਕਿ ਉਹ ਯਹੋਵਾਹ ਤੋਂ ਬੇਈਮਾਨ ਹੋ ਜਾਵੇ ਅਰ ਉਹ ਪ੍ਰਾਣੀ ਦੋਸ਼ੀ ਠਹਿਰੇ। [7]ਤਾਂ ਉਹ ਆਪਣੇ ਪਾਪ ਦਾ ਅਕਰਾਰ ਕਰੇ ਜਿਹੜਾ ਉਸ ਨੇ ਕੀਤਾ ਹੈ ਅਤੇ ਉਹ ਆਪਣੇ ਦੋਸ਼ ਦਾ ਪੂਰਾ ਵੱਟਾ ਭਰੇ ਅਤੇ ਉਹ ਉਸ ਦੇ ਨਾਲ ਪੰਜਵਾਂ ਹਿੱਸਾ ਵੱਧ ਪਾਕੇ ਉਹ ਨੂੰ ਦੇਵੇ ਜਿਹ ਦਾ ਉਹ ਦੋਸ਼ੀ ਹੋਇਆ। [8]ਜੇ ਉਸ ਮਨੁੱਖ ਦਾ ਕੋਈ ਨੇੜਦਾਰ ਨਾ ਹੋਵੇ ਜਿਹ ਨੂੰ ਉਸ ਦੋਸ਼ ਦਾ ਹਰਜਾਨਾ ਮੋੜਿਆ ਜਾਵੇ ਤਾਂ ਉਹ ਦੋਸ਼ ਦਾ ਹਰਜਾਨਾ ਜਿਹੜਾ ਯਹੋਵਾਹ ਦਾ ਹੈ ਜਾਜਕ ਨੂੰ ਦਿੱਤਾ ਜਾਵੇ ਨਾਲੇ ਪਰਾਸਚਿਤ ਦਾ ਛੱਤ੍ਰਾ ਜਿਹ ਦੇ ਨਾਲ ਉਸ ਦਾ ਪਰਾਸਚਿਤ ਕੀਤਾ ਜਾਵੇ। [9]ਇਸਰਾਏਲੀਆਂ ਦੀਆਂ ਪਵਿੱਤ੍ਰ ਚੀਜ਼ਾਂ ਵਿੱਚੋਂ ਜਿਹੜੀਆਂ ਓਹ ਜਾਜਕ ਕੋਲ ਲਿਆਉਣ ਚੁੱਕਣ ਦੀ ਭੇਟ ਉਸੇ ਦੀ ਹੋਵੇਗੀ। [10]ਹਰ ਮਨੁੱਖ ਦੀਆਂ ਪਵਿੱਤ੍ਰ ਚੀਜ਼ਾਂ ਉਸ ਦੀਆਂ ਹੋਣ। ਜੋ ਕੁਝ ਕੋਈ ਮਨੁੱਖ ਜਾਜਕ ਨੂੰ ਦੇਵੇ ਉਹ ਉਸ ਦਾ ਹੋਵੇ।**

**ਆਇਤਾਂ 5-10.** ਬਾਹਰੀ, ਰਸਮੀ ਅਸ਼ੁੱਧਤਾਈ (5:1-4) ਤੋਂ ਅੰਦਰੂਨੀ ਅਸ਼ੁੱਧਤਾਈ (5:5-10) ਵੱਲ ਇਕ ਤਬਦੀਲੀ ਕੀਤੀ ਗਈ ਹੈ, ਜੋ ਡੇਹਰੇ ਦੀ ਪਵਿੱਤਰਤਾਈ ਦੇ ਲਈ ਵੀ ਇਕ ਖ਼ਤਰਾ ਸੀ। ਪਰਮੇਸ਼ੁਰ ਨੇ ਇਸ ਬਾਰੇ ਹਦਾਇਤਾਂ ਦਿੱਤੀਆਂ ਕਿ ਇਕ ਇਸਰਾਏਲੀ ਨੇ ਕਿਸੇ ਦੂਜੇ ਇਸਰਾਏਲੀ ਵਿਰੁੱਧ ਪਾਪ ਕਰਨ ਤੋਂ ਬਾਅਦ ਕੀ ਕਰਨਾ ਸੀ। ਅਜਿਹਾ ਪਾਪ ਨਿਰਾ ਦੋਸ਼ੀ ਵਿਅਕਤੀ ਦੇ ਵਿਰੁੱਧ ਨਹੀਂ ਸੀ; ਇਹ **ਯਹੋਵਾਹ ਤੋਂ ਵੀ ਬੇਈਮਾਨ ਠਹਿਰਣਾ** ਸੀ (5:6)। ਆਪਣੇ ਪਾਪ ਤੋਂ ਮਾਫ਼ੀ ਪ੍ਰਾਪਤ ਕਰਨ ਦੇ ਲਈ, ਗਲਤੀ ਕਰਨ ਵਾਲੇ ਨੂੰ ਅਕਰਾਰ ਕਰਨਾ ਪੈਣਾ ਸੀ ਅਤੇ ਫਿਰ ਉਸ ਵਿਅਕਤੀ ਦੇ ਅੱਗੇ **ਆਪਣੇ ਦੋਸ਼ ਦਾ ਪੂਰਾ ਵੱਟਾ ਭਰਨਾ** ਪੈਣਾ ਸੀ ਜਿਸ ਦੇ ਵਿਰੁੱਧ ਉਸ ਨੇ ਪਾਪ ਕੀਤਾ ਸੀ, ਉਸ ਚੀਜ਼ ਦਾ ਪੰਜਵਾਂ ਹਿੱਸਾ ਵੱਧ ਕੇ ਜੋ ਬਹਾਲ ਕੀਤੀ ਜਾਣੀ ਸੀ (5:7; ਵੇਖੋ ਲੇਵੀਆਂ 6:5) ਨਾਲੇ ਉਸ ਨੂੰ ਬਲੀ ਚੜ੍ਹਾਉਣੀ ਪੈਂਦੀ ਸੀ ਜੋ ਪਰਾਸਚਿਤ ਦੇ ਲਈ ਜ਼ਰੂਰੀ ਸੀ (5:8)। ਜੇਕਰ ਉਹ ਵਿਅਕਤੀ ਜਿਸ ਨੇ ਗਲਤੀ ਕੀਤੀ ਸੀ ਉਪਲਬਧ ਨਹੀਂ ਸੀ ਹੁੰਦਾ - ਜੇਕਰ ਸ਼ਾਇਦ ਉਹ ਮਰ ਗਿਆ ਸੀ - ਤਾਂ ਅਰਥ ਇਹ ਹੈ ਕਿ ਉਸ ਦਾ ਵੱਟਾ ਉਸ ਦੇ **ਨੇੜਦਾਰ** ਨੂੰ ਦੇਣਾ ਪੈਂਦਾ ਸੀ। ਪਰ, ਜੇਕਰ ਉਸ ਦੇ ਕੋਈ ਨੇੜਦਾਰ ਰਿਸ਼ਤੇਦਾਰ ਨਹੀਂ ਸਨ, ਤਾਂ ਉਸ ਦੇ ਦੋਸ਼ ਦਾ ਹਰਜਾਨਾ ਜਿਹੜਾ **ਯਹੋਵਾਹ ਦਾ ਹੈ ਜਾਜਕ ਨੂੰ ਜਾਂਦਾ** ਸੀ (5:8)। ਇਹ ਪੈਰ੍ਹਾ ਇਹ ਦੱਸਣ ਦੁਆਰਾ ਖਤਮ ਹੁੰਦਾ ਹੈ ਕਿ **ਜਾਜਕ** [ਜਾਜਕਾਂ] **ਨੂੰ** ਦਿੱਤੀਆਂ ਗਈਆਂ **ਭੇਟਾਂ** ਉਨ੍ਹਾਂ ਦੀਆ ਸਨ (5:9, 10)। ਇਸਰਾਏਲੀਆਂ ਦੇ ਪਰਮੇਸ਼ੁਰ ਦੀ ਪਰਜਾ ਦੇ ਰੂਪ ਵਿਚ ਸਫ਼ਲ ਹੋਣ ਦੇ ਲਈ ਵਿਅਕਤੀਆਂ ਦੇ ਪਾਪਾਂ ਦਾ ਨਿਪਟਾਰਾ ਕਰਨਾ ਪੈਣਾ ਸੀ।

# ਸ਼ੱਕੀ ਵਿਭਚਾਰ ਨਾਲ ਨਜਿੱਠਣਾ (5:11-31)

11ਯਹੋਵਾਹ ਮੂਸਾ ਨੂੰ ਬੋਲਿਆ, 12ਇਸਰਾਏਲੀਆਂ ਨਾਲ ਗੱਲ ਕਰ ਅਰ ਉਨ੍ਹਾਂ ਨੂੰ ਆਖ ਭਈ
ਜਦ ਕਿਸੇ ਮਨੁੱਖ ਦੀ ਤੀਵੀਂ ਕੁਰਾਹੀ ਹੋ ਜਾਵੇ ਅਤੇ ਉਸ ਨਾਲ ਬੇਈਮਾਨੀ ਕਰੇ 13ਅਤੇ ਕੋਈ
ਮਨੁੱਖ ਉਸ ਨਾਲ ਲੇਟੇ ਅਰ ਬਦਕਾਰੀ ਕਰੇ ਪਰ ਏਹ ਉਸ ਦੇ ਮਨੁੱਖ ਦੀਆਂ ਅੱਖਾਂ ਤੋਂ ਅਪਰੋਖੇ
ਰਹੇ ਅਤੇ ਉਹ ਗੱਲ ਲੁਕੀ ਰਹੇ ਅਤੇ ਉਹ ਭਿੱਟੀ ਗਈ ਹੋਵੇ ਪਰ ਨਾ ਕੋਈ ਉਸ ਦੇ ਵਿਰੁੱਧ
ਗਵਾਹ ਹੋਵੇ ਅਰ ਓਹ ਫੜਿਆ ਨਾ ਗਿਆ ਹੋਵੇ 14ਪਰ ਉਸ ਮਨੁੱਖ ਦਾ ਜਲਨ ਦਾ ਮਜਾਜ ਹੋ
ਜਾਵੇ ਕਿ ਉਹ ਆਪਣੀ ਤੀਵੀਂ ਨਾਲ ਜਲਨ ਕਰੇ ਅਰ ਉਹ ਭਿੱਟੀ ਗਈ ਹੋਵੇ ਅਥਵਾ ਉਸ ਦਾ
ਜਲਨ ਦਾ ਮਜਾਜ ਹੋ ਜਾਵੇ ਕਿ ਉਹ ਆਪਣੀ ਤੀਵੀਂ ਨਾਲ ਜਲਨ ਕਰੇ ਪਰ ਉਹ ਭਿੱਟੀ ਨਾ ਗਈ
ਹੋਵੇ 15ਤਾਂ ਉਹ ਮਨੁੱਖ ਆਪਣੀ ਤੀਵੀਂ ਨੂੰ ਜਾਜਕ ਕੋਲ ਲਿਆਵੇ ਨਾਲੇ ਉਹ ਉਸ ਦੇ ਲਈ ਏਫ਼ਾ
ਦਾ ਦਸਵਾਂ ਹਿੱਸਾ ਜੌਂ ਦੇ ਮੈਦੇ ਦਾ ਚੜ੍ਹਾਵਾ ਲਿਆਵੇ ਪਰ ਉਹ ਉਸ ਉੱਤੇ ਤੇਲ ਨਾ ਡੋਹਲੇ ਨਾ ਉਸ
ਉੱਤੇ ਲੁਬਾਨ ਪਾਵੇ ਕਿਉਂ ਜੋ ਉਹ ਜਲਨ ਦੀ ਭੇਟ ਹੈ, ਉਹ ਯਾਦਗਾਰੀ ਦੀ ਭੇਟ ਹੈ ਜਿਹੜੀ
ਬੁਰਿਆਈ ਨੂੰ ਚੇਤੇ ਕਰਾਉਂਦੀ ਹੈ। 16ਤਾਂ ਜਾਜਕ ਉਹ ਨੂੰ ਨੇੜੇ ਲਿਆ ਕੇ ਯਹੋਵਾਹ ਅੱਗੇ ਖੜੀ
ਕਰੇ। 17ਫੇਰ ਜਾਜਕ ਪਵਿੱਤ੍ਰ ਜਲ ਮਿੱਟੀ ਦੇ ਭਾਂਡੇ ਵਿੱਚ ਲਵੇ ਅਤੇ ਡੇਹਰੇ ਦੇ ਫਰਸ਼ ਦੀ ਧੂੜ ਲੈਕੇ
ਉਸ ਜਲ ਵਿੱਚ ਪਾਵੇ। 18ਫੇਰ ਜਾਜਕ ਉਸ ਤੀਵੀਂ ਨੂੰ ਯਹੋਵਾਹ ਦੇ ਅੱਗੇ ਖੜੀ ਕਰੇ ਅਤੇ ਉਸ ਦੇ
ਸਿਰ ਦੇ ਬਾਲ ਖੁੱਲ੍ਹੇ ਰਹਿਣ ਦੇਵੇ ਅਤੇ ਉਸ ਦੇ ਹੱਥਾਂ ਉੱਤੇ ਯਾਦਗਾਰੀ ਦੀ ਭੇਟ ਰੱਖੇ ਜਿਹੜੀ
ਜਲਨ ਦੀ ਭੇਟ ਵੀ ਹੈ ਅਤੇ ਜਾਜਕ ਦੇ ਹੱਥ ਵਿੱਚ ਕੁੜੱਤਣ ਦਾ ਜਲ ਹੋਵੇ ਜਿਹੜਾ ਸਰਾਪ
ਲਿਆਉਂਦਾ ਹੈ। 19ਤਾਂ ਜਾਜਕ ਉਸ ਨੂੰ ਸੌਂਹ ਦੇਵੇ ਅਤੇ ਤੀਵੀਂ ਨੂੰ ਆਖੇ, ਜੇਕਰ ਕੋਈ ਮਨੁੱਖ ਤੇਰੇ
ਸੰਗ ਨਹੀਂ ਲੇਟਿਆ ਅਤੇ ਜੇ ਤੂੰ ਆਪਣੇ ਮਨੁੱਖ ਦੀ ਹੋਣ ਵਿੱਚ ਕੁਰਾਹੀ ਹੋ ਕੇ ਭਿੱਟੀ ਨਹੀਂ ਗਈ
ਤਾਂ ਤੂੰ ਏਸ ਜਲ ਤੋਂ ਜਿਹੜਾ ਸਰਾਪ ਲਿਆਉਂਦਾ ਹੈ ਬਚੀ ਰਹੁ। 20ਪਰੰਤੂ ਜੇ ਤੂੰ ਆਪਣੇ ਮਨੁੱਖ
ਦੀ ਹੋਣ ਵਿੱਚ ਕੁਰਾਹੀ ਹੋਈ ਅਤੇ ਜੇ ਕਿਸੇ ਹੋਰ ਮਨੁੱਖ ਦੇ ਸੰਗ ਬਿਨਾ ਤੇਰੇ ਆਪਣੇ ਮਨੁੱਖ ਦੇ
ਲੇਟ ਕੇ ਭਿੱਟੀ ਗਈ ਹੈਂ" 21ਤਾਂ ਜਾਜਕ ਉਸ ਤੀਵੀਂ ਨੂੰ ਸਰਾਪ ਦੀ ਸੌਂਹ ਦੇਵੇ ਅਤੇ ਜਾਜਕ ਉਸ
ਤੀਵੀਂ ਨੂੰ ਆਖੇ ਕਿ ਯਹੋਵਾਹ ਤੈਨੂੰ ਸਰਾਪ ਅਤੇ ਸੌਂਹ ਲਈ ਤੇਰੇ ਲੋਕਾਂ ਵਿੱਚ ਠਹਿਰਾਵੇ ਅਤੇ
ਯਹੋਵਾਹ ਤੇਰੀ ਜਾਂਘ ਨੂੰ ਸਾੜੇ ਅਤੇ ਤੇਰੇ ਢਿੱਡ ਨੂੰ ਸੁਜਾਵੇ। 22ਐਉਂ ਏਹ ਜਲ ਜਿਹੜਾ ਸਰਾਪ
ਲਿਆਉਂਦਾ ਹੈ ਤੇਰੇ ਸਰੀਰ ਵਿੱਚ ਜਾ ਕੇ ਤੇਰੇ ਢਿੱਡ ਨੂੰ ਸੁਜਾਵੇ ਅਤੇ ਤੇਰੀ ਜਾਂਘ ਨੂੰ ਸਾੜੇ। ਤਾਂ
ਤੀਵੀਂ ਆਖੇ, "ਆਮੀਨ, ਆਮੀਨ।" 23ਤਾਂ ਜਾਜਕ ਉਸ ਸਰਾਪ ਨੂੰ ਪੋਥੀ ਵਿੱਚ ਲਿਖ ਲਵੇ ਅਤੇ
ਉਸ ਨੂੰ ਕੁੜੱਤਣ ਵਾਲੇ ਜਲ ਵਿੱਚ ਮੇਸੇ। 24ਅਤੇ ਉਹ ਕੁੜੱਤਣ ਵਾਲਾ ਜਲ ਜਿਹੜਾ ਸਰਾਪ ਦਾ
ਕਾਰਨ ਹੈ ਉਸ ਤੀਵੀਂ ਨੂੰ ਪਿਲਾਵੇ ਅਤੇ ਜਲ ਜਿਹੜਾ ਸਰਾਪ ਦਾ ਕਾਰਨ ਹੈ ਉਸ ਤੀਵੀਂ ਦੇ
ਅੰਦਰ ਜਾ ਕੇ ਕੌੜਾ ਹੋ ਜਾਵੇਗਾ। 25ਫੇਰ ਜਾਜਕ ਉਸ ਤੀਵੀਂ ਦੇ ਹੱਥੋਂ ਜਲਨ ਵਾਲੇ ਮੈਦੇ ਦੀ ਭੇਟ
ਲੈਕੇ ਯਹੋਵਾਹ ਦੇ ਅੱਗੇ ਉਸ ਮੈਦੇ ਦੀ ਭੇਟ ਨੂੰ ਹਿਲਾਵੇ ਅਤੇ ਉਸ ਨੂੰ ਜਗਵੇਦੀ ਦੇ ਨੇੜੇ ਲਿਆਵੇ।
26ਤਾਂ ਜਾਜਕ ਉਸ ਮੈਦੇ ਦੀ ਭੇਟ ਵਿੱਚੋਂ ਯਾਦਗਾਰੀ ਲਈ ਇੱਕ ਮੁੱਠ ਭਰ ਕੇ ਜਗਵੇਦੀ ਉੱਤੇ ਸਾੜੇ
ਅਤੇ ਉਸ ਦੇ ਪਿੱਛੋਂ ਉਹ ਜਲ ਉਸ ਤੀਵੀਂ ਨੂੰ ਪਿਲਾਵੇ। 27ਜਦ ਉਹ ਜਲ ਤੀਵੀਂ ਨੂੰ ਪਿਲਾ ਦੇਵੇ ਤਾਂ
ਐਉਂ ਹੋਵੇਗਾ ਕਿ ਜੇਕਰ ਤੀਵੀਂ ਭਿੱਟੀ ਗਈ ਹੈ ਅਤੇ ਉਸ ਆਪਣੇ ਮਨੁੱਖ ਦੇ ਵਿਰੁੱਧ ਦੋਸ਼ ਕੀਤਾ ਹੈ
ਤਾਂ ਉਹ ਜਲ ਜਿਹੜਾ ਸਰਾਪ ਦਾ ਕਾਰਨ ਹੈ ਉਸ ਦੇ ਅੰਦਰ ਜਾਕੇ ਕੌੜਾ ਹੋ ਜਾਵੇਗਾ ਅਰ ਉਸ
ਦਾ ਸਰੀਰ ਸੁੱਜ ਜਾਵੇਗਾ ਅਤੇ ਉਸ ਦੀ ਜਾਂਘ ਸੜ ਜਾਵੇਗੀ ਅਤੇ ਉਹ ਆਪਣੇ ਲੋਕਾਂ ਵਿੱਚ
ਸਰਾਪਣ ਹੋਵੇਗੀ। 28ਪਰ ਜੇ ਤੀਵੀਂ ਭਿੱਟੀ ਨਹੀਂ ਗਈ ਸਗੋਂ ਸਾਫ਼ ਰਹੀ ਹੈ ਤਾਂ ਉਹ ਬਚੀ ਰਹੇਗੀ
ਅਤੇ ਉਹ ਸੰਤਾਨ ਜਣੇਗੀ। 29ਏਹ ਬਿਵਸਥਾ ਉਸ ਜਲਨ ਦੀ ਹੈ ਜਦ ਤੀਵੀਂ ਆਪਣੇ ਮਨੁੱਖ ਦੀ
ਹੋਣ ਵਿੱਚ ਕੁਰਾਹੀ ਹੋ ਕੇ ਹੋਰ ਪਾਸੇ ਭਿੱਟੀ ਜਾਵੇ। 30ਯਾ ਜਦ ਕਿਸੇ ਮਨੁੱਖ ਦਾ ਜਲਨ ਦਾ ਮਜਾਜ

**ਹੋ ਜਾਵੇ ਅਤੇ ਉਸ ਨੂੰ ਆਪਣੀ ਤੀਵੀਂ ਦੀ ਜਲਨ ਹੋਵੇ ਤਾਂ ਉਹ ਉਸ ਤੀਵੀਂ ਨੂੰ ਯਹੋਵਾਹ ਅੱਗੇ ਖੜੀ ਕਰੇ ਅਤੇ ਜਾਜਕ ਉਸ ਉੱਤੇ ਏਹ ਸਾਰੀ ਬਿਵਸਥਾ ਵਰਤੇ। [31]ਇਉਂ ਉਹ ਮਨੁੱਖ ਬਦੀ ਤੋਂ ਬਚਿਆ ਰਹੇ ਪਰ ਉਹ ਤੀਵੀਂ ਆਪਣੀ ਬਦੀ ਨੂੰ ਆਪ ਚੁੱਕੇਗੀ।**

ਕੀ ਕੀਤਾ ਜਾਣਾ ਸੀ ਜਦੋਂ ਇਕ ਪਤੀ ਆਪਣੀ ਪਤਨੀ ਤੇ ਵਿਭਚਾਰ ਕਰਨ ਦਾ ਸ਼ੱਕ ਕਰਦਾ ਸੀ? ਡੇਹਰੇ ਵਿਚ ਅਜਿਹੇ ਮਾਮਲੇ ਦਾ ਨਿਆਂ ਕਰਨ ਦੀ ਲਈ ਜੋ ਵਿਧੀ ਸੀ ਉਸ ਦਾ ਵਿਸਤ੍ਰਿਤ ਰੂਪ ਵਿਚ ਵਰਣਨ ਕੀਤਾ ਗਿਆ ਸੀ। ਅਜਿਹੇ ਤਰੀਕੇ ਦੀ ਕਿਉਂ ਲੋੜ ਸੀ, ਜਦ ਕਿ ਬਿਵਸਥਾ ਵਿਚ ਹੋਰ ਕਿਤੇ ਇਹ ਸਿੱਖਿਆ ਦਿੱਤੀ ਗਈ ਸੀ ਕਿ ਵਿਭਚਾਰ ਕਰਨ ਵਾਲੀ ਔਰਤ ਨੂੰ ਜਾਨੋਂ ਮਾਰ ਦਿੱਤਾ ਜਾਣਾ ਚਾਹੀਦਾ ਹੈ (ਲੇਵੀਆਂ 20:10)? ਇਸ ਦਾ ਜਵਾਬ "ਅਨਿਸ਼ਚਤ" ਸ਼ਬਦ ਪ੍ਰਤੀਤ ਹੁੰਦਾ ਹੈ। ਅਰਥਾਤ, ਇਹ ਪਾਪ ਸਿਰਫ ਸ਼ੱਕੀ ਸੀ (ਗਿਣਤੀ 5:13)।

ਇਸਰਾਏਲੀ ਪਹਿਲਾਂ ਤੋਂ ਜਾਣਦੇ ਸਨ ਕਿ ਵਿਭਚਾਰ ਕਰਨਾ ਇਕ ਪਾਪ ਸੀ ਅਤੇ ਜੋ ਲੋਕ ਇਸ ਪਾਪ ਦੇ ਦੋਸ਼ੀ ਸਨ ਉਹ ਜਾਨੋਂ ਮਾਰ ਦਿੱਤੇ ਜਾਂਦੇ ਸਨ। ਪਰ, ਮੌਤ ਦੀ ਸਜ਼ਾ ਤਦ ਤੱਕ ਅਣਉਚਿਤ ਸੀ ਜਦੋਂ ਤੱਕ ਉਸ ਸ਼ੱਕ ਨੂੰ ਤੱਥਾਂ ਨਾਲ ਸਾਬਤ ਨਹੀਂ ਸੀ ਕੀਤਾ ਜਾਂਦਾ। ਔਰਤ ਨੂੰ ਵਿਭਚਾਰਨ ਦੇ ਰੂਪ ਵਿਚ ਦੋਸ਼ੀ ਠਹਿਰਾਉਣਾ ਕਾਫੀ ਨਹੀਂ ਸੀ; ਇਸ ਦੇ ਲਈ ਸਬੂਤ ਚਾਹੀਦੇ ਸਨ। ਬਿਵਸਥਾ ਦੇ ਅਨੁਸਾਰ, ਵਿਅਕਤੀ ਨੂੰ ਮੌਤ ਦੀ ਸਜ਼ਾ ਦੇ ਲਈ ਦੋਸ਼ੀ ਠਹਿਰਾਉਣ ਵਾਸਤੇ ਦੋ ਜਾਂ ਤਿੰਨ ਗਵਾਹ ਜ਼ਰੂਰੀ ਸਨ (ਬਿਵਸਥਾ ਸਾਰ 17:6; 19:15; ਵੇਖੋ ਮੱਤੀ 18:16; 2 ਕੁਰਿੰਥੀਆਂ 13:1)। ਤੀਵੀਂ ਦੇ ਵਿਭਚਾਰ ਦੇ ਸੰਬੰਧ ਵਿਚ ਜਦੋਂ ਕਿਸੇ ਸਬੂਤ ਦੀ ਕਮੀ ਹੁੰਦੀ ਸੀ, ਤਾਂ ਇੱਥੇ ਦੱਸੀ ਗਈ ਵਿਧੀ ਵਰਤੀ ਜਾਣੀ ਸੀ।

ਇਸ ਤੋਂ ਇਲਾਵਾ, ਵਿਭਚਾਰਕ ਸੰਬੰਧ ਵਿਚ ਦੂਜੇ ਸਾਥੀ ਨੂੰ ਸਜ਼ਾ ਦਿੱਤੇ ਬਿਨ੍ਹਾਂ ਇਕ ਸਾਥੀ ਨੂੰ ਜਾਨੋਂ ਮਾਰਨਾ ਗੈਰ-ਕਾਨੂੰਨੀ ਸੀ। ਬਿਵਸਥਾ ਸਾਰ 22:22 ਹੁਕਮ ਦਿੰਦੀ ਸੀ, "ਜੇ ਕੋਈ ਮਨੁੱਖ ਕਿਸੇ ਵਿਆਹੀ ਹੋਈ ਤੀਵੀਂ ਨਾਲ ਸੰਗ ਕਰਦਾ ਹੋਇਆ ਪਾਇਆ ਜਾਵੇ ਤਾਂ ਓਹ ਦੋਨੋਂ ਮਾਰ ਸੁੱਟੇ ਜਾਣ।" ਇਹ ਨਿਯਮ ਇਕ ਕਾਰਣ ਦੱਸਦਾ ਹੈ ਕਿ ਕਿਉਂ ਯਿਸੂ ਨੇ ਉਸ ਤੀਵੀਂ ਨੂੰ ਜਿਹੜੀ ਵਿਭਚਾਰ ਕਰਦੀ ਫੜੀ ਗਈ ਸੀ ਦੋਸ਼ੀ ਠਹਿਰਾਉਣ ਤੋਂ ਇਨਕਾਰ ਕਰ ਦਿੱਤਾ ਜਿਸ ਨੂੰ ਉਸ ਦੇ ਕੋਲ ਲਿਆਂਦਾ ਗਿਆ ਸੀ: ਪੁਰਸ਼ ਨੂੰ ਉਸ ਦੇ ਨਾਲ ਨਹੀਂ ਸੀ ਲਿਆਂਦਾ ਗਿਆ (ਯੂਹੰਨਾ 8:1-11)।

**ਆਇਤਾਂ 11-14.** ਵਿਧੀ ਜਿਸ ਦਾ ਵਰਣਨ ਕੀਤਾ ਗਿਆ ਸੀ ਉਸ ਦੀ ਉਸ ਸਮੇਂ ਪਾਲਣਾ ਕੀਤੀ ਜਾਣੀ ਸੀ ਜੇਕਰ **ਮਨੁੱਖ ਦੀ ਤੀਵੀਂ ਕੁਰਾਹੀ ਹੋ ਜਾਵੇ** ਅਤੇ ਗੁਪਤ ਵਿਚ ਉਸ ਨਾਲ **ਬੇਈਮਾਨੀ ਕਰੇ** (**ਉਸ ਦੇ ਮਨੁੱਖ ਦੀਆਂ ਅੱਖਾਂ ਤੋਂ ਅਪਰੋਖੇ ਅਤੇ ਨਾ ਕੋਈ ਉਸ ਦੇ ਵਿਰੁੱਧ ਗਵਾਹ ਹੋਵੇ ਅਤੇ ਉਹ ਫੜੀ ਨਾ ਗਈ ਹੋਵੇ**) ਅਤੇ ਉਸ ਦੇ ਪਤੀ ਨੂੰ ਆਖ਼ਰਕਾਰ ਉਸ ਦੇ ਸ਼ੱਕ ਪੈ ਜਾਵੇ (ਕਿਉਂਕਿ **ਉਸ ਮਨੁੱਖ ਦਾ ਜਲਨ ਦਾ ਮਜਾਜ ਹੋ ਗਿਆ**)। ਸ਼ਾਇਦ, ਅਸਲ ਵਿਚ, ਉਹ ਨੇ ਉਸ ਨਾਲ ਬੇਈਮਾਨੀ ਨਹੀਂ ਕੀਤੀ; ਪਰ ਉਹ ਤਾਂ ਵੀ ਉਸ ਤੇ ਬੇਈਮਾਨ ਹੋਣ ਦਾ ਸ਼ੱਕ ਕਰੇ। ਪਰਮੇਸ਼ੁਰ ਨੇ ਇਹ ਤਰੀਕਾ ਇਹ ਲਈ ਨਿਰਧਾਰਤ ਕੀਤਾ ਤਾਂ ਕਿ ਇਹ ਜਾਣਿਆ ਜਾ ਸਕੇ ਕਿ ਉਹ **ਭਿੱਟੀ ਗਈ** ਸੀ ਜਾਂ ਨਹੀਂ।

**ਆਇਤ 15.** ਪਤੀ ਨੇ **ਆਪਣੀ ਤੀਵੀਂ ਨੂੰ ਜਾਜਕ ਕੋਲ ਲਿਆਉਣਾ** ਸੀ, ਇਕ ਵਿਸ਼ੇਸ਼ ਭੇਟ ਦੇ ਨਾਲ। ਇਹ ਭੇਟ **ਏਫ਼ਾ ਦਾ ਦਸਵਾਂ ਹਿੱਸਾ ਜੌਂ ਦੇ ਮੈਦੇ ਦਾ** ਸੀ, ਬਿਨ੍ਹਾਂ ਤੇ **ਤੇਲ** ਜਾਂ **ਲੁਬਾਨ** ਦੇ। ਇਹ ਮੰਗ ਗਰੀਬ ਦੀ ਪਾਪ ਦੀ ਭੇਟ ਵਰਗੀ ਸੀ, ਜਿਹੜੀ ਕਿ "ਮੈਦੇ ਦੇ ਏਫਾਹ ਦਾ ਦਸਵਾਂ ਹਿੱਸਾ" ਹੋਣੀ ਸੀ, ਉਹ ਵੀ ਤੇਲ ਜਾਂ ਲੁਬਾਨ ਤੋਂ ਬਿਨ੍ਹਾਂ (ਲੇਵੀਆਂ 5:11)। "ਜੌਂ" ਕਣਕ ਦੇ ਦਾਣੇ ਨਾਲੋਂ ਮੋਟਾ ਦਾਣਾ ਹੈ। ਇਹ ਖਰੀਦਣ ਵਿਚ ਸਸਤਾ ਸੀ (ਪਰਕਾਸ਼ ਦੀ ਪੋਥੀ 6:6) ਅਤੇ ਅਕਸਰ ਗਰੀਬ

ਲੋਕ ਇਸ ਨੂੰ ਖਾਂਦੇ ਸਨ (ਰੂਥ 2:17; 2 ਰਾਜਿਆਂ 4:42; ਯੂਹੰਨਾ 6:9, 13)। ਗਿਣਤੀ 5 ਦੀ ਪੁਸਤਕ ਵਿਚ ਭੇਟ ਨੂੰ ਕਿਹਾ ਗਿਆ ਹੈ ਕਿ **ਉਹ ਜਲਨ ਦੀ ਭੇਟ ਹੈ, ਉਹ ਯਾਦਗਾਰੀ ਦੀ ਭੇਟ ਹੈ ਜਿਹੜੀ ਬੁਰਿਆਈ ਨੂੰ ਚੇਤੇ ਕਰਾਉਂਦੀ ਹੈ**।

**ਆਇਤ 16.** ਜਾਜਕ **ਉਹ ਨੂੰ ਨੇੜੇ ਲਿਆ ਕੇ ਯਹੋਵਾਹ ਅੱਗੇ ਖੜੀ ਕਰੇਗਾ**। ਇਹ ਰਸਮ ਸ਼ਾਇਦ ਕਿਤੇ ਨਾ ਕਿਤੇ ਡੇਹਰੇ ਦੇ ਸਾਹਮਣੇ ਹਾਤੇ ਵਿਚ ਪੂਰੀ ਕੀਤੀ ਜਾਂਦੀ ਸੀ। ਸਿਰਫ ਜਾਜਕਾ ਨੂੰ ਡੇਹਰੇ (ਤੰਬੂ) ਦੇ ਅੰਦਰ ਵੜਨ ਦੀ ਇਜਾਜ਼ਤ ਸੀ।

**ਆਇਤਾਂ 17, 18.** ਜਾਜਕ ਨੇ **ਕੁੜੱਤਣ ਦਾ ਜਲ ਜਿਹੜਾ ਸਰਾਪ ਲਿਆਉਂਦਾ ਸੀ** ਤਿਆਰ ਕਰਨ ਦੇ ਲਈ **ਪਵਿੱਤ੍ਰ ਜਲ** ਜਿਹੜਾ ਸੰਭਵ ਤੌਰ ਤੇ ਡੇਹਰੇ ਦੇ ਸਾਹਮਣੇ ਹੌਦ ਵਿੱਚੋਂ ਲਿਆ ਗਿਆ ਸੀ (ਕੂਚ 30:18) ਅਤੇ **ਡੇਹਰੇ ਦੇ ਫਰਸ਼ ਦੀ ਧੂੜ** ਨੂੰ ਵਰਤਣਾ ਸੀ। ਇਹ ਜਲ **ਮਿੱਟੀ ਦੇ ਭਾਂਡੇ ਵਿੱਚ** ਉਲੱਦਿਆ ਜਾਣਾ ਸੀ ਅਤੇ "ਧੂੜ" **ਜਲ ਵਿਚ ਪਾਉਣੀ** ਸੀ। ਸ਼ਾਇਦ "ਕੁੜੱਤਣ ਦੇ ਜਲ" ਨੂੰ ਕੁੜੱਤਣ ਦਾ ਜਲ ਇਸ ਦੇ ਸੁਆਦ ਕਰਕੇ ਨਹੀਂ ਸੀ ਕਿਹਾ ਗਿਆ, ਪਰ ਇਸ ਲਈ ਕਿਉਂਕਿ ਇਹ ਦੋਸ਼ੀ ਉੱਤੇ ਸਰਾਪ ਲੈ ਕੇ ਆਇਆ ਸੀ।

**ਤੀਵੀਂ** ਨੇ, ਜਾਜਕ ਦੀਆਂ ਹਦਾਇਤਾਂ ਦਾ ਪਾਲਣ ਕਰਦੇ ਹੋਏ, **ਯਹੋਵਾਹ ਦੇ ਅੱਗੇ ਖੜੀ ਹੋਣਾ** ਸੀ ਅਤੇ **ਉਸ ਦੇ ਸਿਰ ਦੇ ਬਾਲ ਖੁੱਲ੍ਹੇ ਰਹਿਣ ਦੇਣੇ** ਸਨ। **ਜਾਜਕ ਉਸ ਦੇ ਹੱਥਾਂ ਉੱਤੇ ਯਾਦਗਾਰੀ ਦੀ ਭੇਟ ਰੱਖੇਗਾ**। ਇਹ **ਜਲਨ ਦੀ ਭੇਟ** ਸੀ। ਇਸ ਦੇ ਨਾਲ-ਨਾਲ, ਜਾਜਕ ਨੇ ਆਪਣੇ ਹੱਥ ਵਿਚ "ਕੁੜੱਤਣ ਦਾ ਜਲ ਫੜਿਆ ਜਿਹੜਾ ਸਰਾਪ ਲਿਆਉਂਦਾ ਹੈ। ਸਪੱਸ਼ਟ ਤੌਰ ਤੇ, ਤੀਵੀਂ ਦੇ ਲਈ ਆਪਣੇ ਵਾਲਾਂ ਨੂੰ "ਖੁੱਲ੍ਹਾ" ਛੱਡਣਾ ਅਨੋਖੀ ਗੱਲ ਸੀ। ਰਸਮ ਦੇ ਇਸ ਪਹਿਲੂ ਦੀ ਮਹੱਤਤਾ ਅਸਪੱਸ਼ਟ ਹੈ। ਵਾਲਾਂ ਨੂੰ ਖੁੱਲ੍ਹਾ ਛੱਡਣਾ ਜਾਂ ਵਾਲਾਂ ਨੂੰ ਖਲਾਰਨਾ ਸੋਗ ਜਾਂ ਬਦਨਾਮੀ ਦਾ ਪ੍ਰਤੀਕ ਹੋ ਸਕਦਾ ਸੀ (ਲੇਵੀਆਂ 10:6; 13:45; 21:10)। ਹੋ ਸਕਦਾ ਸੀ, ਇਸ ਸੰਦਰਭ ਵਿਚ, ਇਹ ਨਿਆਂ ਜਾਂ ਫ਼ੈਸਲੇ ਦੇ ਪ੍ਰਤੀ ਤੀਵੀਂ ਦੇ ਖੁੱਲ੍ਹੇਪਣ ਨੂੰ ਵਿਅਕਤ ਕਰਦਾ ਸੀ; ਜਾਂ, ਹੋ ਸਕਦਾ ਸੀ ਕਿ ਇਹ ਉਸ ਦੀ ਸ਼ਰਮਿੰਦਗੀ ਭਰੀ ਹਾਲਤ ਨੂੰ ਦੱਸਦਾ ਸੀ।

**ਆਇਤਾਂ 19-22. ਜਾਜਕ** ਉਸ ਨਾਲ ਗੱਲ ਕਰਦਾ ਸੀ ਅਤੇ ਉਸ ਨੂੰ ਸਰਾਪ ਦੀਆਂ ਸ਼ਰਤਾਂ ਬਾਰੇ ਦੱਸਦਾ ਸੀ। ਸਕਰਾਤਮਕ ਪੱਖੋਂ, ਉਸ ਨੇ ਉਹ ਨੂੰ ਦੱਸਣਾ ਸੀ, **ਜੇਕਰ ਕੋਈ ਮਨੁੱਖ ਤੇਰੇ ਸੰਗ ਨਹੀਂ ਲੇਟਿਆ ਅਤੇ ਜੇ ਤੂੰ ਆਪਣੇ ਮਨੁੱਖ ਦੀ ਹੋਣ ਵਿੱਚ ਕੁਰਾਹੀ ਹੋ ਕੇ ਭਿੱਟੀ ਨਹੀਂ ਗਈ ਤਾਂ ਤੂੰ ਏਸ ਜਲ ਤੋਂ ਜਿਹੜਾ ਸਰਾਪ ਲਿਆਉਂਦਾ ਹੈ ਬਚੀ ਰਹੁ**। ਦੂਜੇ ਸ਼ਬਦਾਂ ਵਿਚ, ਜੇਕਰ ਤੀਵੀਂ ਨਿਰਦੋਸ਼ ਸੀ ਤਾਂ ਉਸ ਨੂੰ ਕੋਈ ਹਾਨੀ ਨਹੀਂ ਹੋਵੇਗੀ। ਨਕਾਰਾਤਮਕ ਪੱਖੋਂ, ਉਹ ਕਹਿੰਦਾ ਸੀ, **ਪਰੰਤੂ ਜੇ ਤੂੰ ... ਕੁਰਾਹੀ ਹੋਈ ਅਤੇ ਜੇ ਕਿਸੇ ਹੋਰ ਮਨੁੱਖ ਦੇ ਸੰਗ ਬਿਨਾ ਤੇਰੇ ਆਪਣੇ ਮਨੁੱਖ ਦੇ ਲੇਟ ਕੇ ਭਿੱਟੀ ਗਈ ਹੈਂ ... ਯਹੋਵਾਹ ਤੈਨੂੰ ਸਰਾਪ ਅਤੇ ਸੌਂਹ ਲਈ ਤੇਰੇ ਲੋਕਾਂ ਵਿੱਚ ਠਹਿਰਾਵੇ**। ਜੇਕਰ ਤੀਵੀਂ ਦੋਸ਼ੀ ਸੀ, ਉਹ ਪਰਮੇਸ਼ੁਰ ਦੀ ਵੱਲੋਂ ਸਜ਼ਾ ਦੇ ਰੂਪ ਵਿਚ ਉਸ ਸਰਾਪ ਨੂੰ ਝੱਲੇਗੀ।

ਇਸ ਰਸਮ ਦੌਰਾਨ **ਜਾਜਕ ਉਸ ਤੀਵੀਂ ਨੂੰ ਸਰਾਪ ਦੀ ਸੌਂਹ ਦੇਵੇਗਾ** (5:21)। NASB ਬਾਈਬਲ ਵਿਚ ਇਹ ਸ਼ਬਦ ਬ੍ਰੈਕਟ ਵਿਚ ਹਨ। ਪ੍ਰਾਸੰਗਿਕ ਕਥਨ 5:19 ਦੇ ਵਿਚਾਰ ਨੂੰ ਦੁਹਰਾਉਂਦਾ ਹੈ। ਅਜਿਹਾ ਦੁਹਰਾਇਆ ਜਾਣਾ ਜ਼ੋਰ ਦੇਣ ਲਈ ਵਰਤਿਆ ਜਾਂਦਾ ਸੀ ਅਤੇ ਇਬਰਾਨੀ ਵਾਰਤਕ ਦੀ ਵਿਸ਼ੇਸ਼ਤਾ ਹੈ। ਤੀਵੀਂ ਨੂੰ ਇਸ ਗੱਲ ਦੀ ਸੌਂਹ ਖਾਣੀ ਪੈਂਦੀ ਸੀ ਕਿ ਉਹ ਬੇਈਮਾਨ ਨਹੀਂ ਸੀ ਅਤੇ **"ਆਮੀਨ, ਆਮੀਨ"** ਆਖ ਕੇ ਜਾਜਕਾਂ ਦੀ ਸ਼ਬਦਾਂ ਦੇ ਪ੍ਰਤੀ ਲਈ ਹਾਮੀ ਭਰਨੀ ਪੈਂਦੀ ਸੀ। "ਆਮੀਨ" ਦਾ ਅਰਥ ਹੈ "ਇਸੇ ਤਰ੍ਹਾਂ ਹੀ ਹੋਵੇ।" ਇਸ ਦੇ ਦੁਹਰਾਉਣ ਨੇ ਸੌਂਹ ਨੂੰ ਮਜਬੂਤ ਕੀਤਾ ਸੀ। ਪਰਤੱਖ ਰੂਪ ਵਿਚ, ਸਿਰਫ ਇਹੀ ਸ਼ਬਦ ਸਨ ਜੋ ਉਸ ਰਸਮ ਵਿਚ ਤੀਵੀਂ

ਦੁਆਰਾ ਬੋਲੇ ਜਾਂਦੇ ਸਨ।

ਉਸ ਤੋਂ ਬਾਅਦ, ਜੇਕਰ ਤੀਵੀਂ ਆਪਣੇ ਪਤੀ ਦੇ ਪ੍ਰਤੀ ਵਫ਼ਾਦਾਰ ਰਹੀ ਸੀ, ਤਾਂ ਉਸ ਜਲ ਦਾ ਉਸ ਦੇ ਕੋਈ ਅਸਰ ਨਹੀਂ ਹੋਵੇਗਾ। ਜੇਕਰ ਉਹ ਬੇਈਮਾਨ ਰਹੀ ਹੋਵੇਗੀ, ਤਾਂ ਉਹ ਜਲ ਉਸ ਦੇ ਢਿੱਡ ਦੇ ਅੰਦਰ ਚਲਾ ਜਾਵੇਗਾ ਅਤੇ **ਉਸ ਦਾ ਸਰੀਰ ਸੁੱਜ ਜਾਵੇਗਾ ਅਤੇ ਉਸ ਦੀ ਜਾਂਘ ਸੜ ਜਾਵੇਗੀ।**

**ਆਇਤ 23. ਜਾਜਕ** ਨੇ ਬੋਲੇ ਗਏ **ਸਰਾਪ ਨੂੰ ਪੋਥੀ ਵਿਚ ਲਿਖਣਾ** ਸੀ। ਉਸ ਤੋਂ ਬਾਅਦ, ਉਹ **ਉਸ ਨੂੰ ਕੁੜੱਤਣ ਦੇ ਜਲ ਵਿੱਚ ਮੇਸੇਗਾ।** ਜਾਜਕ ਦੇ ਬੋਲੇ ਗਏ ਸ਼ਬਦ ਉਨ੍ਹਾਂ ਨੂੰ ਪੋਥੀ ਵਿੱਚ, ਸੰਭਵ ਤੌਰ ਤੇ ਚਮੜੇ ਦੇ ਇਕ ਟੁਕੜੇ ਤੇ ਲਿਖਣ ਨਾਲ ਹੋਰ ਮਜਬੂਤ ਹੋ ਗਏ ਸਨ। ਸਿਆਹੀ ਕਾਜਲ ਜਾਂ ਕਾਲਿਖ ਤੋਂ, ਥੋੜ੍ਹੇ ਪਾਣੀ ਅਤੇ ਚਿਪਕਾਉਣ ਵਾਲੀ ਰਾਲ ਤੋਂ ਬਣੀ ਹੋਵੇਗੀ - ਇਹ ਸਭ ਚੀਜ਼ਾਂ ਸੀਨਈ ਪੈਨਿਨਸੁਲਾ ਵਿਚ ਮਿਲਦੀਆਂ ਹਨ। ਇਹ ਮਿਸ਼ਰਣ ਪੋਥੀ ਵਿੱਚੋਂ ਅਸਾਨੀ ਨਾਲ ਪਾਣੀ ਦੇ ਨਾਲ ਧੋਤਾ ਜਾ ਸਕਦਾ ਸੀ।

**ਆਇਤਾਂ 24-26.** ਫਿਰ **ਜਾਜਕ ਤੀਵੀਂ ਦੇ ਹੱਥੋਂ ਜਲਨ ਵਾਲੇ ਮੈਦੇ ਦੀ ਭੇਟ ਲੈ ਲਵੇਗਾ।** ਉਸ ਨੇ **ਯਹੋਵਾਹ ਦੇ ਅੱਗੇ ਉਸ ਮੈਦੇ ਦੀ ਭੇਟ ਨੂੰ ਹਿਲਾਉਣਾ ਸੀ ਅਤੇ ਉਸ ਨੂੰ ਜਗਵੇਦੀ ਦੇ ਨੇੜੇ ਲਿਆਉਣਾ ਸੀ। ਉਸ ਨੇ ਮੈਦੇ ਦੀ ਭੇਟ ਵਿੱਚੋਂ ਯਾਦਗਾਰੀ ਲਈ ਇੱਕ ਮੁੱਠੀ ਭਰ ਕੇ ਜਗਵੇਦੀ ਉੱਤੇ ਸਾੜਨੀ ਸੀ।** ਫਿਰ **ਤੀਵੀਂ ਨੂੰ ਜਲ ਪੀਣ ਦੇ ਲਈ** ਮਜਬੂਰ ਕੀਤਾ ਜਾਣਾ ਸੀ। ਇਹ ਇਹ ਵੇਖਣ ਲਈ ਜ਼ਰੂਰੀ ਸੀ ਕਿ **ਉਹ ਜਲ ਜਿਹੜਾ ਸਰਾਪ ਦਾ ਕਾਰਨ ਸੀ** ਉਸ ਅੰਦਰ ਜਾ ਕੇ **ਕੌੜਾ** ਹੋਵੇਗਾ ਜਾਂ ਨਹੀਂ।

ਕੁਝ ਲੋਕ ਇਸ ਵਿਧੀ ਵਿਚ ਜਾਦੂਗਰੀ ਅਤੇ ਅੰਧਵਿਸ਼ਵਾਸ ਦੇ ਤੱਤਾਂ ਨੂੰ ਵੇਖਦੇ ਹਨ ਅਤੇ/ਜਾਂ ਮੰਨਦੇ ਹਨ ਕਿ ਇਹ ਰਸਮ ਉਸ ਪਰੀਖਿਆ ਵਿੱਚੋਂ ਨਿੱਕਲੀ ਸੀ ਜੋ ਪ੍ਰਾਚੀਨ ਮਸੋਪੋਤਾਮੀਆ ਅਤੇ ਹੋਰ ਕਿਤੇ ਦੂਜੇ ਲੋਕਾਂ ਦੁਆਰਾ ਵਰਤੀ ਗਈ ਸੀ।[2] ਬਿਨ੍ਹਾਂ ਸ਼ੱਕ, ਇਸ ਵਿਧੀ ਅਤੇ ਹੋਰ ਕੌਮਾਂ ਦੀਆਂ ਰੀਤਾਂ ਵਿਚਕਾਰ ਸਮਾਨਤਾਵਾਂ ਵੇਖੀਆਂ ਜਾ ਸਕਦੀਆਂ ਹਨ। ਪਰ, ਇਸ ਰਸਮ ਅਤੇ ਹੋਰਨਾਂ ਲੋਕਾਂ ਦੀਆਂ ਰਸਮਾਂ ਵਿਚਕਾਰ ਫ਼ਰਕ ਸਮਾਨਤਾਵਾਂ ਦੇ ਮੁਕਾਬਲੇ ਜ਼ਿਆਦਾ ਮਹੱਤਵਪੂਰਣ ਹਨ।

ਇਕ ਫ਼ਰਕ ਇਹ ਹੈ ਕਿ ਗਿਣਤੀ 5 ਵਿਚ ਪਰੀਖਿਆ ਸਿਰਫ ਇਕ ਪਰੀਖਿਆ ਸੀ, ਨਾ ਕਿ ਸਜ਼ਾ। ਤੀਵੀਂ ਨੇ ਅਜਿਹੀ ਕਿਸੇ ਚੀਜ਼ ਦਾ ਅਨੁਭਵ ਨਹੀਂ ਸੀ ਕੀਤਾ ਜੋ ਸਰੀਰਕ ਤੌਰ ਤੇ ਖ਼ਤਰਨਾਕ ਸੀ; ਉਸ ਨੇ ਜੋ ਪੀਤਾ ਸੀ ਉਹ ਜਹਿਰੀਲਾ ਨਹੀਂ ਸੀ।[3] ਬੇਸ਼ੱਕ, ਵੱਡਾ ਫ਼ਰਕ ਇਹ ਹੈ ਕਿ ਇਸਰਾਏਲੀਆਂ ਦੀ ਵਿਧੀ ਵਿਚ ਪਰਮੇਸ਼ੁਰ ਸ਼ਾਮਲ ਸੀ। ਚਾਰ ਵਾਰ ਲਿਖਤ ਕਹਿੰਦੀ ਹੈ ਕਿ ਇਹ ਲੈਣ-ਦੇਣ "ਯਹੋਵਾਹ ਦੇ ਅੱਗੇ" ਹੋਵੇਗਾ (5:16, 18, 25, 30)। ਸੌਂਹ ਜੋ ਉਸ ਤੀਵੀਂ ਨੇ ਖਾਣੀ ਸੀ ਉਹ "ਯਹੋਵਾਹ" ਦੇ ਨਾਮ ਤੇ ਖਾਣੀ ਸੀ, ਸਰਾਪ ਦੇ ਕਾਰਣ ਦੇ ਰੂਪ ਵਿਚ ਜੋ ਉਸ ਤੇ ਪਵੇਗਾ ਜੇਕਰ ਉਸ ਨੇ ਵਿਭਚਾਰ ਕੀਤਾ ਸੀ (5:21)। ਜਲ ਜਿਹੜਾ ਵਰਤਿਆ ਗਿਆ ਸੀ "ਪਵਿੱਤ੍ਰ ਜਲ" ਸੀ; ਧੂੜ ਡੇਹਰੇ ਦੇ ਫਰਸ਼ ਅਰਥਾਤ ਉਸ ਥਾਂ ਤੋਂ ਲਈ ਗਈ ਸੀ ਜਿੱਥੇ ਪਰਮੇਸ਼ੁਰ ਦਾ ਵਾਸ ਸੀ। ਜਾਜਕ ਜਿਹੜਾ ਇਸ ਰਸਮ ਨੂੰ ਨਿਭਾਉਂਦਾ ਸੀ ਉਹ ਪਰਮੇਸ਼ੁਰ ਦੇ ਮਸਹ ਕੀਤੇ ਹੋਇਆਂ ਵਿੱਚੋਂ ਇਕ ਸੀ ਅਤੇ "ਜਲਨ ਦੀ ਭੇਟ" (5:15) ਦੀ ਕੁਰਬਾਨੀ ਯਹੋਵਾਹ ਨੂੰ ਚੜ੍ਹਾਈ ਗਈ ਸੀ। ਇਸ ਵਿਚ ਕਿਸੇ ਤਰ੍ਹਾਂ ਦਾ ਕੋਈ ਜਾਦੂ ਜਾਂ ਦੇਵਤਿਆਂ ਦੀ ਜਾਂ ਅਦ੍ਰਿਸ਼ ਤਾਕਤਾਂ ਦੀ ਹੇਰਾਫੇਰੀ ਸ਼ਾਮਲ ਨਹੀਂ ਸੀ; ਨਾ ਹੀ ਇਹ ਰਸਮ ਕਿਸੇ ਅੰਧਵਿਸ਼ਵਾਸ ਤੋਂ ਆਈ ਸੀ। ਜੇਕਰ ਇਹ ਰਸਮ ਅੰਧਵਿਸ਼ਵਾਸ ਨੂੰ ਵਿਖਾਉਂਦੀ ਹੈ, ਤਾਂ ਬਿਵਸਥਾ ਦੁਆਰਾ ਸਾਰੀਆਂ ਰਸਮਾਂ ਜਿਨ੍ਹਾਂ ਦੀ ਮੰਗ ਕੀਤੀ ਗਈ ਸੀ ਉਹ ਵੀ ਅੰਧਵਿਸ਼ਵਾਸ ਨੂੰ ਵਿਖਾਉਂਦੀਆਂ ਹਨ। ਕੋਈ ਵੀ ਵਿਅਕਤੀ ਜਿਹੜਾ

ਇਹ ਮੰਨਦਾ ਹੈ ਕਿ ਪੁਰਾਣਾ ਨੇਮ ਮੌਖਿਕ ਤੌਰ ਤੇ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਲਿਖਿਆ ਗਿਆ ਸੀ ਅਜਿਹੇ ਸਿੱਟੇ ਨੂੰ ਸਵੀਕਾਰ ਨਹੀਂ ਕਰ ਸਕਦਾ। ਬਲਕਿ, ਇਸ ਰਸਮ ਦੀ ਯਹੋਵਾਹ ਪਰਮੇਸ਼ੁਰ ਦੁਆਰਾ ਮੰਗ ਕੀਤੀ ਗਈ ਸੀ ਅਤੇ ਨਤੀਜੇ ਵੀ ਉਸੇ ਦੁਆਰਾ ਨਿਰਧਾਰਤ ਕੀਤੇ ਗਏ ਸਨ। ਇਸ ਪਰੀਖਿਆ ਦਾ ਵਿਚਾਰ ਇਹ ਹੈ ਕਿ ਕਿਉਂਕਿ ਉੱਥੇ ਕੋਈ ਗਵਾਹ ਨਹੀਂ ਸਨ, ਕੋਈ ਵੀ ਮਨੁੱਖੀ ਪਰਖ ਸਹੀ ਤਰੀਕੇ ਨਾਲ ਤੀਵੀਂ ਦੇ ਦੋਸ਼ ਜਾਂ ਨਿਰਦੋਸ਼ਪੁਣੇ ਦਾ ਫ਼ੈਸਲਾ ਨਹੀਂ ਸੀ ਕਰ ਸਕਦੀ; ਇਸ ਲਈ, ਉਸ ਨੂੰ ਇਸ ਪਰੀਖਿਆ ਵਿੱਚੋਂ ਗੁਜਰਨਾ ਪਿਆ ਜਿਸ ਵਿਚ ਪਰਮੇਸ਼ੁਰ ਖੁਦ ਫ਼ੈਸਲਾ ਕਰਦਾ ਸੀ।

ਪਰਮੇਸ਼ੁਰ ਨੇ ਆਪਣੀਆਂ ਮੰਗਾਂ ਦੇ ਲਈ ਕੋਈ ਕਾਰਣ ਨਹੀਂ ਦੱਸੇ। ਅਸੀਂ ਸਿਰਫ ਇਹ ਕਹਿ ਸਕਦੇ ਹਾਂ ਕਿ ਬਿਵਸਥਾ ਉਸ ਵਿਅਕਤੀ ਦੁਆਰਾ ਇਕ ਹੋਰ ਮੌਕੇ ਤੇ "ਯਹੋਵਾਹ ਦੇ ਅੱਗੇ" ਸੌਂਹ ਖਾਣ ਦੀ ਮੰਗ ਕਰਦੀ ਸੀ ਜਿਸ ਤੇ ਸ਼ੱਕ ਕੀਤਾ ਜਾਂਦਾ ਸੀ ਕਿ ਉਸ ਨੇ ਜੁਰਮ ਕੀਤਾ ਹੈ (ਕੂਚ 22:11)। ਜੋ ਕੋਈ ਯਹੋਵਾਹ ਦੇ ਅੱਗੇ ਸੌਂਹ ਖਾਂਦਾ ਸੀ, ਸਪੱਸ਼ਟ ਤੌਰ ਤੇ ਜਾਂ ਅਸਪੱਸ਼ਟ ਤੌਰ ਤੇ, ਪਰਮੇਸ਼ੁਰ ਨੂੰ ਉਸ ਨੂੰ ਸਰਾਪ ਦੇਣ ਦਾ ਸੱਦਾ ਦਿੰਦਾ ਸੀ ਜੇਕਰ ਉਹ ਝੂਠ ਬੋਲ ਰਿਹਾ ਹੁੰਦਾ ਸੀ। ਕੂਚ ਵਿਚ ਬੰਦ ਤੋਂ ਇਲਾਵਾ, ਉਹ ਸਰਾਪ ਜਿਨ੍ਹਾਂ ਦੀ ਇਸਰਾਏਲੀਆਂ ਨੇ ਬਿਵਸਥਾ ਸਾਰ 27:15-26 ਵਿਚ "ਆਮੀਨ" ਬੋਲ ਕੇ ਆਪਣੇ ਆਪ ਤੇ ਘੋਸ਼ਣਾ ਕੀਤੀ ਸੀ ਕੁਝ ਹੱਦ ਤੱਕ ਉਸ ਸਰਾਪ ਵਰਗੇ ਹਨ ਜਿਸ ਦੇ ਪ੍ਰਤੀ ਗਿਣਤੀ 5 ਵਿਚ ਤੀਵੀਂ ਨੇ "ਆਮੀਨ" ਕਿਹਾ ਸੀ।

ਕੂਚ 22 ਵਿਚ ਅਤੇ ਗਿਣਤੀ 5 ਵਿਚ ਪਾਈ ਜਾਣ ਵਾਲੀ ਬਿਵਸਥਾ ਵਿਚਕਾਰ ਮੁਢਲਾ ਫ਼ਰਕ ਬਾਅਦ ਵਾਲੀ ਬਿਵਸਥਾ ਵਿਚ "ਕੁੜੱਤਣ ਦਾ ਜਲ" ਪੀਣ ਦਾ ਹੈ। ਇਸ ਮਾਮਲੇ ਵਿਚ ਤੀਵੀਂ ਦੁਆਰਾ "ਕੁੜੱਤਣ ਦਾ ਜਲ" ਪੀਣ ਅਤੇ ਕੂਚ 32 ਵਿਚ ਉਹ ਘਟਨਾ ਜਦੋਂ ਮੂਸਾ ਨੇ ਸੋਨੇ ਦੇ ਬੱਛੇ ਨੂੰ ਜੋ ਲੋਕਾਂ ਨੇ ਬਣਾਇਆ ਸੀ ਅੱਗ ਵਿਚ ਸਾੜ ਸੁੱਟਿਆ, ਪੀਹ ਕੇ ਉਸ ਦਾ ਪੀਪਾ ਬਣਾਇਆ ਅਤੇ ਪਾਣੀ ਉੱਤ ਖਿਲਾਰ ਦਿੱਤਾ ਅਤੇ ਲੋਕਾਂ ਨੂੰ ਪਿਲਾ ਛੱਡਿਆ (ਕੂਚ 32:20) ਵਿਚਕਾਰ ਸਮਾਨਤਾਵਾਂ ਵੇਖੀਆਂ ਜਾ ਸਕਦੀਆਂ ਹਨ। ਉਸ ਪਾਣੀ ਦਾ ਉਦੇਸ਼ ਸਪੱਸ਼ਟ ਕਰਕੇ ਨਹੀਂ ਦੱਸਿਆ ਗਿਆ ਹੈ, ਪਰ ਇਸ ਨੇ ਦੋਸ਼ ਦਾ ਗੰਭੀਰਤਾ ਨੂੰ ਦੱਸਣ ਦਾ ਕੰਮ ਕੀਤਾ ਹੋਵੇਗਾ।

**ਆਇਤਾਂ 27, 28.** ਤੀਵੀਂ ਦੇ ਸੌਂਹ ਚੁੱਕਣ ਅਤੇ "ਕੌੜਾ ਜਲ" ਪੀਣ ਤੋਂ ਬਾਅਦ, ਫ਼ੈਸਲਾ ਸਪੱਸ਼ਟ ਹੋ ਜਾਂਦਾ ਸੀ। ਜੇਕਰ ਉਸ ਤੀਵੀਂ ਨੇ ਸੱਚਮੁੱਚ ਵਿਭਚਾਰ ਕੀਤਾ ਹੁੰਦਾ ਸੀ, **ਜਲ ਜਿਹੜਾ ਸਰਾਪ ਦਾ ਕਾਰਨ ਹੈ ਉਸ ਅੰਦਰ ਜਾਕੇ ਕੌੜਾ ਹੋ ਜਾਵੇਗਾ**। ਉਸ ਦੇ ਦੋਸ਼ ਦੇ ਨਤੀਜੇ ਵਜੋਂ, **ਉਸ ਦਾ ਸਰੀਰ ਸੁੱਜ ਜਾਵੇਗਾ ਅਤੇ ਉਸ ਦੀ ਜਾਂਘ ਸੜ ਜਾਵੇਗੀ**।

ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ ਕਿ ਦੋਸ਼ੀ ਤੀਵੀਂ ਜਾਨੋਂ ਮਾਰਿਆ ਜਾਣਾ ਸੀ, ਜਾਂ ਇਹ ਕਿ ਉਸ ਨੂੰ ਤਲਾਕ ਦਿੱਤਾ ਜਾਣਾ ਸੀ। ਜਿੱਥੋਂ ਤੱਕ ਇਸ ਲਿਖਤ ਦੀ ਗੱਲ ਹੈ, ਉਹ ਆਪਣੇ ਪਤੀ ਨਾਲ ਰਹਿਣ ਦੇ ਕਈ ਮੁੜ ਜਾਵੇਗੀ; ਪਰ ਉਸ ਨੂੰ ਕੜੀ ਤੋਂ ਕੜੀ ਸਜ਼ਾ ਦਿੱਤੀ ਜਾਵੇਗੀ। "ਢਿੱਡ" ਅਤੇ "ਜਾਂਘ" ਹਲਕੇ ਸ਼ਬਦ-ਪ੍ਰਯੋਗ ਵਿਚ ਤੀਵੀਂ ਦੇ ਪ੍ਰਜਨਨ ਅੰਗਾਂ ਦਾ ਹਵਾਲਾ ਦਿੰਦੇ ਹਨ। ਹਾਲਾਂਕਿ ਇਨ੍ਹਾਂ ਸ਼ਬਦਾਂ ਵਿਚ ਵਰਣਨ ਕੀਤੀ ਗਈ ਸਰੀਰਕ ਹਾਲਤ ਜਾਂ ਬਿਮਾਰੀ ਦਾ ਪਤਾ ਲਗਾਉਣ ਦੇ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਜਾ ਚੁੱਕੀਆਂ ਹਨ, ਉੱਤਮ ਵਿਆਖਿਆ ਇਹ ਹੈ ਕਿ ਆਇਤ 27 ਅਲੰਕਾਰ ਦਾ ਇਸਤੇਮਾਲ ਕਰਦੀ ਹੈ। ਸ਼ਾਇਦ, ਜੇਕਰ ਤੀਵੀਂ ਉਸ ਦੇ ਨਾਜਾਇਜ਼ ਸੰਬੰਧ ਦੇ ਰਾਹੀਂ ਗਰਭਵੰਤੀ ਹੁੰਦੀ ਸੀ, ਉਸ ਦਾ ਗਰਭਪਾਤ[4] ਹੋ ਜਾਵੇਗਾ ਅਤੇ ਉਹ ਬੇਔਲਾਦ ਰਹੇਗੀ। ਇਸ ਲਈ **ਉਹ ਆਪਣੇ ਲੋਕਾਂ ਵਿੱਚ ਸਰਾਪਣ ਹੋਵੇਗੀ**, ਕਿਉਂਕਿ ਬੱਚੇ ਜਣਨ ਵਿਚ ਅਸਮਰੱਥ ਹੋਣਾ ਸਭ ਤੋਂ ਭੈੜੀ ਗੱਲ ਗੱਲ ਸੀ ਜੋ ਉਸ ਸਮੇਂ ਵਿਚ ਇਕ ਤੀਵੀਂ ਨਾਲ ਹੋ ਸਕਦੀ ਸੀ। ਜੇਕਰ ਬਾਂਝਪਣ ਜਾਂ ਗਰਭਪਾਤ ਹੋ ਜਾਣਾ ਸਜ਼ਾ ਸੀ, ਤੀਵੀਂ ਦਾ ਦੋਸ਼ ਥੋੜ੍ਹੇ ਚਿਰ

ਲਈ ਸਪੱਸ਼ਟ ਨਹੀਂ ਸੀ ਹੋ ਸਕਦਾ। ਜਦ ਕਿ ਲਿਖਤ ਇਹ ਨਹੀਂ ਕਹਿੰਦੀ ਕਿ ਜਦੋਂ ਸਾਰਿਆਂ ਲਈ ਉਸ ਦੀ ਸਜ਼ਾ ਸਪੱਸ਼ਟ ਹੋਵੇਗੀ, ਇਸ ਲਿਖਤ ਦਾ ਅਰਥ ਹੈ ਤੁਰੰਤ ਫ਼ੈਸਲਾ ਜਾਂ ਨਿਆਂ।[5]

ਯਹੂਦੀ ਟਿੱਪਣੀਕਾਰਾਂ ਨੇ ਦੱਸਿਆ ਕਿ ਦੋਸ਼ੀ ਤੀਵੀਂ ਨੂੰ ਉਸ ਦੇ ਪਾਪ ਦੇ ਨਤੀਜਿਆਂ ਨੂੰ ਉਸ ਦੇ ਸਰੀਰ ਦੇ ਉਸੇ ਹਿੱਸੇ ਵਿਚ ਝੱਲਣਾ ਪੈਂਦਾ ਸੀ ਜਿਹੜਾ ਹਿੱਸਾ ਪਾਪ ਵਿਚ ਸ਼ਾਮਲ ਹੁੰਦਾ ਸੀ।[6] ਇਹ ਵਿਆਖਿਆ ਸੰਭਵ ਪ੍ਰਤੀਤ ਹੁੰਦੀ ਹੈ, ਕਿਉਂਕਿ ਨਿਰਦੋਸ਼ਪੁਣੇ ਦਾ ਸਬੂਤ (ਜਾਂ ਪ੍ਰਤੀਫਲ) - ਜੇਕਰ ਦੋਸ਼ੀ ਤੀਵੀਂ **ਭਿੱਟੀ ਨਹੀਂ ਗਈ** ਪਰ ਸਾਫ਼ ਸੀ - ਇਹ ਸੀ ਕਿ **ਉਹ ਬਚੀ ਰਹੇਗੀ ਅਤੇ ਉਹ ਸੰਤਾਨ ਜਣੇਗੀ**।

**ਆਇਤਾਂ 29-31.** ਜਲਨ ਦਾ ਕਾਨੂੰਨ ਸਾਰ ਕਥਨ ਦੇ ਨਾਲ ਖਤਮ ਹੁੰਦਾ ਹੈ, ਇਹ ਦੁਹਰਾਉਂਦੇ ਹੋਏ ਕਿ **ਜਲਨ ਦੀ ਬਿਵਸਥਾ** ਦੱਸਦੀ ਸੀ ਕਿ ਉਸ ਪਤੀ ਦੁਆਰਾ ਕੀ ਕੀਤਾ ਜਾਣਾ ਚਾਹੀਦਾ ਹੈ ਜਿਹੜੇ ਆਪਣੀ ਤੀਵੀਂ ਤੇ ਬੇਈਮਾਨ ਹੋਣ ਦਾ ਸ਼ੱਕ ਕਰਦਾ ਸੀ। ਉਸ ਮਨੁੱਖ ਨੇ **ਤੀਵੀਂ ਨੂੰ ਯਹੋਵਾਹ ਅੱਗੇ ਖੜੀ ਕਰਨਾ** ਸੀ ਤਾਂ ਕਿ **ਜਾਜਕ ਉਸ ਉੱਤੇ ਏਹ ਸਾਰੀ ਬਿਵਸਥਾ ਵਰਤ** ਸਕਦਾ। ਉਸ ਨੂੰ ਇਹ ਯਕੀਨ ਦਿਵਾਇਆ ਗਿਆ ਸੀ ਕਿ ਜੇਕਰ ਤੀਵੀਂ ਦੋਸ਼ੀ ਪਾਈ ਜਾਂਦੀ ਹੈ, ਉਹ ਖੁਦ **ਬਦੀ ਤੋਂ ਬਚਿਆ ਰਹੇਗਾ ਪਰ ਉਹ ਤੀਵੀਂ ਬਦੀ ਨੂੰ ਚੁੱਕੇਗੀ**। ਦੂਜੇ ਸ਼ਬਦਾਂ ਵਿਚ, ਮਨੁੱਖ ਨੂੰ ਉਸ ਦੀ ਦੋਸ਼ੀ ਤੀਵੀਂ ਨੂੰ ਅਜਿਹੀ ਅਗਨੀ ਪਰੀਖਿਆ ਵਿੱਚੋਂ ਗੁਜਰਨ ਦੇ ਲਈ ਦੋਸ਼ੀ ਨਹੀਂ ਠਹਿਰਾਇਆ ਜਾਣਾ ਸੀ; ਆਖ਼ਰਕਾਰ, ਇਹ ਉਹ ਤੀਵੀਂ ਸੀ ਜਿਸ ਨੇ ਵਿਭਚਾਰ ਕੀਤਾ ਸੀ। ਦੋਸ਼ੀ ਤੀਵੀਂ ਦੀ ਉਸ ਤੇ ਪਤੀ ਨਾਲ ਤੁਲਨਾ ਕੀਤੀ ਗਈ ਹੈ, ਜਿਹੜਾ ਆਪਣੀ ਤੀਵੀਂ ਨੂੰ ਇਸ ਅਗਨੀ ਪਰੀਖਿਆ ਵਿੱਚੋਂ ਗੁਜਾਰਨ ਦੇ ਲਈ ਦੋਸ਼ੀ ਨਹੀਂ ਠਹਿਰੇਗਾ। ਸ਼ਾਇਦ, ਇਹ ਬੰਦ ਉਸ ਮਨੁੱਖ ਤੇ ਵੀ ਲਾਗੂ ਹੁੰਦਾ ਹੈ ਜਿਸ ਨੇ ਆਪਣੀ ਨਿਰਦੋਸ਼ ਪਤਨੀ ਨੂੰ ਇਸ ਰਸਮ ਦੇ ਅਧੀਨ ਕੀਤਾ ਹੈ: ਨਾ ਹੀ ਉਸ ਨੂੰ ਆਪਣੀ ਤੀਵੀਂ ਨੂੰ ਇਸ ਪਰੀਖਿਆ ਵਿੱਚੋਂ ਗੁਜਾਰਨ ਦੇ ਲਈ ਦੋਸ਼ੀ ਗਿਣਿਆ ਜਾਣਾ ਸੀ। ਪਰ, ਲਿਖਤ ਵਿਚ ਦਿੱਤੀ ਗਈ ਜਾਣਕਾਰੀ ਦੇ ਆਧਾਰ ਤੇ, ਪਤੀ ਨੇ ਆਪਣੀ ਦੋਸ਼ੀ ਪਤਨੀ ਨੂੰ ਵਾਪਸ ਲੈਣਾ ਹੁੰਦਾ ਸੀ। ਕੁਝ ਲੋਕ ਉਸ ਦੇ ਅਜਿਹਾ ਕਰਨ ਤੇ ਉਸ ਦੀ ਆਲੋਚਨਾ ਕਰਨਾ ਚਾਹੁੰਦੇ ਹੋਣਗੇ, ਕਿਉਂਕਿ ਵਿਭਚਾਰ ਮੌਤ ਦੀ ਸਜ਼ਾ ਲਾਇਕ ਜੁਰਮ ਸੀ; ਪਰ ਇਹ ਬਿਵਸਥਾ ਕਹਿੰਦੀ ਸੀ ਉਸ ਮਨੁੱਖ ਨੂੰ ਇਸ ਤਰ੍ਹਾਂ ਕਰਨ ਤੇ ਦੋਸ਼ੀ ਨਹੀਂ ਸੀ ਗਿਣਿਆ ਜਾਣਾ।

ਕੀ ਦੋਸ਼ ਜਾਂ ਨਿਰਦੋਸ਼ਪੁਣੇ ਦੀ ਪਰਖ ਕਰਨਾ ਤੀਵੀਆਂ ਨੂੰ ਨੀਵਾਂ ਦਿਖਾਉਣਾ ਸੀ? ਆਖ਼ਰਕਾਰ, ਬਿਵਸਥਾ ਵਿਚ ਇਕ ਪਤਨੀ ਲਈ ਕੋਈ ਅਜਿਹਾ ਪ੍ਰਬੰਧ ਸ਼ਾਮਲ ਨਹੀਂ ਸੀ ਜਿਹੜੀ ਆਪਣੇ ਪਤੀ ਤੇ ਵਿਭਚਾਰ ਕਰਨ ਦਾ ਸ਼ੱਕ ਕਰਦੀ ਸੀ ਅਤੇ ਉਸ ਨੂੰ "ਯਹੋਵਾਹ ਦੇ ਅੱਗੇ" ਲਿਆਉਣਾ ਚਾਹੁੰਦੀ ਸੀ। ਇਸ ਤੋਂ ਇਲਾਵਾ, ਇਕ ਤੀਵੀਂ ਦੁਆਰਾ ਆਪਣੇ ਪਤੀ ਨੂੰ ਦੱਸੀ ਗਈ ਬਿਵਸਥਾ ਦੇ ਅਧੀਨ ਲਿਆਉਣ ਅਤੇ ਲੋਕਾਂ ਦੇ ਸਾਹਮਣੇ ਸ਼ਰਮਿੰਦਾ ਕਰਨ ਦੀ ਕੋਈ ਬਿਵਸਥਾ ਨਹੀਂ ਸੀ। ਪਰ, ਉਹ ਸਮਾਜ ਜਿੱਥੇ ਪੁਰਸ਼ਾਂ ਦੀ ਜ਼ਿਆਦਾ ਚੱਲਦੀ ਸੀ, ਕੋਈ ਵੀ ਵਿਅਕਤੀ ਤੀਵੀਂ ਦੇ ਦ੍ਰਿਸ਼ਟੀਕੋਣ ਤੋਂ ਬਿਧੀਆਂ ਨੂੰ ਅਜਿਹੀ ਸਥਿਤੀ ਨੂੰ ਸੰਬੋਧਿਤ ਕਰਨ ਦੀ ਉਮੀਦ ਨਹੀਂ ਕਰੇਗਾ। ਬਿਵਸਥਾ ਵਿਚ, ਇਹ ਪ੍ਰਤੀਤ ਹੁੰਦਾ ਹੈ ਕਿ ਪੁਰਸ਼ਾਂ ਨੂੰ ਆਪਣੀਆਂ ਪਤਨੀਆਂ ਨੂੰ ਤਲਾਕ ਦੇਣ ਦਾ ਹੱਕ ਸੀ ਪਰ ਔਰਤਾਂ ਨੂੰ ਆਪਣੇ ਪਤੀਆਂ ਨੂੰ ਤਲਾਕ ਦੇਣ ਦਾ ਹੱਕ ਨਹੀਂ ਸੀ। ਇਸ ਮੱਤ ਦਾ ਸਬੂਤ ਇਸ ਤੱਥ ਵਿਚ ਹੈ ਕਿ ਪੁਰਾਣਾ ਨੇਮ "ਤਲਾਕਸ਼ੁਦਾ ਔਰਤਾਂ" ਦੀ ਗੱਲ ਕਰਦਾ ਹੈ ਪਰ "ਤਲਾਕਸ਼ੁਦਾ ਮਰਦਾਂ" ਦੀ ਨਹੀਂ (ਵੇਖੋ 30:9; ਲੇਵੀਆਂ 21:7, 14; 22:13)।

ਇਸ ਦੇ ਨਾਲ-ਨਾਲ, ਇਹ ਬਿਵਸਥਾ ਤੀਵੀਆਂ ਲਈ ਸੁਰੱਖਿਆ ਪ੍ਰਦਾਨ ਕਰਦੀ ਸੀ। ਜਦ ਕਿ ਇਹ ਬਿਵਸਥਾ ਦੋਸ਼ੀ ਤੀਵੀਂ ਨੂੰ ਸਜ਼ਾ ਦੇਣ ਦਾ ਕੰਮ ਕਰਦੀ ਸੀ, ਇਹ ਉਸ ਤੀਵੀਂ ਨੂੰ

ਬਚਾਉਣ ਦਾ ਵੀ ਕੰਮ ਕਰਦੀ ਸੀ ਜਿਹੜੀ ਤੀਵੀਂ ਨਿਰਦੋਸ਼ ਹੁੰਦੀ ਸੀ ਇਹ ਭਰੋਸਾ ਦੇਣ ਦੁਆਰਾ ਕਿ ਉਸ ਨੂੰ ਤਲਾਕ ਨਹੀਂ ਦਿੱਤਾ ਜਾਵੇਗਾ, ਲੂਲ੍ਹਾ ਨਹੀਂ ਕੀਤਾ ਜਾਵੇਗਾ, ਜਾਂ ਉਸ ਦੇ ਬਦਲਾ ਲੈਣ ਵਾਲੇ, ਦੰਡ ਦੇਣ ਵਾਲੇ ਪਤੀ ਦੁਆਰਾ ਜਾਨੋਂ ਨਹੀਂ ਮਾਰਿਆ ਜਾਵੇਗਾ ਜਿਹੜਾ ਸਿਰਫ ਉਸ ਤੇ ਬੇਈਮਾਨੀ ਦਾ ਸ਼ੱਕ ਕਰਦਾ ਸੀ। ਉਸ ਤੋਂ ਇਲਾਵਾ, ਉਸ ਦੇ ਨਿਰਦੋਸ਼ਪੁਣੇ ਦਾ ਇਸ ਭਰੋਸੇ ਨਾਲ ਪ੍ਰਤੀਫਲ ਦਿੱਤਾ ਜਾਵੇਗਾ ਕਿ ਉਹ ਬੱਚੇ ਜੰਮੇਗੀ। ਇਨ੍ਹਾਂ ਕਾਰਵਾਈਆਂ ਦਾ ਜਨਤਕ ਸੁਭਾਅ ਪਤੀ ਦੇ ਨਾਲ-ਨਾਲ ਦੀ ਪਤਨੀ ਦੇ ਲਈ ਸ਼ਰਮਿੰਦਾ ਕਰਨ ਵਾਲਾ ਰਿਹਾ ਹੋਵੇਗਾ; ਇਹ ਤੱਥ, ਜਿਸ ਭੇਟ ਦੀ ਮੰਗ ਕੀਤੀ ਗਈ ਸੀ ਉਸ ਨੇ ਪਤੀ ਦੇ ਨਿੱਜੀ ਸ਼ੱਕ ਨੂੰ ਜਨਤਕ ਬਣਾ ਦਿੱਤਾ ਹੋਵੇਗਾ, ਜਾਂ ਉਹ ਆਪਣੀ ਪਤਨੀ ਤੋਂ ਛੁਟਕਾਰਾ ਪਾਉਣ ਦੇ ਲਈ ਝੂਠੇ ਦੋਸ਼ ਦਾ ਸਹਾਰਾ ਲੈਂਦਾ ਹੋਵੇਗਾ। ਜਿਵੇਂ ਇਸ ਪੇਸ਼ੀ ਦੇ ਜਨਤਕ ਸੁਭਾਅ ਨੇ ਮਨੁੱਖ ਨੂੰ ਤੁੱਛ ਦੋਸ਼ ਲਾਉਣ ਤੋਂ ਰੋਕਿਆ ਹੋਵੇਗਾ, ਇਸ ਲਈ ਅਜਿਹੇ ਅਨੁਭਵ ਵਿੱਚੋਂ ਗੁਜਰਨ ਤੇ ਪਤਨੀ ਨੂੰ ਵਫ਼ਾਦਾਰ ਰਹਿਣ ਦੇ ਲਈ ਪ੍ਰੇਰਿਤ ਹੋਵੇਗਾ - ਜੇਕਰ ਉਹ ਬੇਈਮਾਨ ਨਹੀਂ ਸੀ ਹੋਈ - ਜਨਤਕ ਸ਼ਰਮਿੰਦਗੀ ਦਾ ਸਾਹਮਣਾ ਕਰਨ ਦੀ ਬਜਾਇ ਉਸ ਦੇ ਪਤੀ ਅੱਗੇ ਆਪਣੇ ਪਾਪ ਦਾ ਇਕਰਾਰ ਕਰਕੇ (ਤਲਾਕ ਲੈ ਕੇ)। ਵਿਆਹ ਵਿਚ ਵਫ਼ਾਦਾਰੀ ਤੇ ਜ਼ੋਰ ਘਰ ਅਤੇ ਵਿਆਹੁਤਾ ਰਿਸ਼ਤੇ ਨੂੰ ਮਜ਼ਬੂਤ ਕਰਦਾ ਹੈ, ਜਿਸ ਤੋਂ ਤੀਵੀਂ ਦੇ ਨਾਲ-ਨਾਲ ਪੁਰਸ਼ ਨੂੰ ਵੀ ਲਾਭ ਹੋਵੇਗਾ।

ਇਸ ਬਿਧੀ ਦਾ ਮੂਲ ਉਦੇਸ਼ ਸਪੱਸ਼ਟ ਹੈ: ਸਗੋਂ ਵਿਭਚਾਰ ਦੇ ਸ਼ੱਕ ਨੂੰ ਵੀ ਪਰਮੇਸ਼ੁਰ ਦੇ ਪਵਿੱਤ੍ਰ ਲੋਕਾਂ ਵਿਚ ਸਹਿਣ ਨਹੀਂ ਸੀ ਕੀਤਾ ਜਾਣਾ। ਪਰਮੇਸ਼ੁਰ ਸੱਤਵੇਂ ਹੁਕਮ ਦੀ ਮੁੜ ਤੋਂ ਪੁਸ਼ਟੀ ਕਰ ਰਿਹਾ ਸੀ: "ਤੂੰ ਜ਼ਨਾਹ ਨਾ ਕਰ" (ਕੂਚ 20:14)।

# ਪ੍ਰਾਸੰਗਿਕਤਾ

**ਸ਼ੁੱਧਤਾਈ ਸੰਬੰਧੀ (ਅਧਿਆਇ 5)**

ਗਿਣਤੀ ਦੀ ਪੁਸਤਕ ਦਾ 5 ਅਧਿਆਇ ਅੱਜ ਦੇ ਮਸੀਹੀ ਲੋਕਾਂ ਦੇ ਲਈ ਕਈ ਸਬਕ ਦਿੰਦਾ ਹੈ। ਆਓ ਅਸੀਂ ਉਨ੍ਹਾਂ ਵਿੱਚੋਂ ਚਾਰ ਤੇ ਧਿਆਨ ਕਰੀਏ।

1. ਸ਼ੁੱਧਤਾਈ ਦੀ ਜ਼ਰੂਰਤ। ਸ਼ੁੱਧਤਾਈ ਅੱਜ ਪ੍ਰਭੂ ਦੀ ਕਲੀਸੀਆ, ਪਰਮੇਸ਼ੁਰ ਦੀ "ਪਵਿੱਤਰ ਕੌਮ" (1 ਪਤਰਸ 2:9; ਵੇਖੋ 1 ਕੁਰਿੰਥੀਆਂ 5:6-8) ਅਤੇ ਇਸ ਦੇ ਵਿਅਕਤੀਗਤ ਮੈਂਬਰਾਂ (1 ਤਿਮੋਥਿਉਸ 5:22; ਯਾਕੂਬ 1:27) ਦੇ ਲਈ ਮਹੱਤਵਪੂਰਣ ਹੈ।

2. ਮੌਤ ਦੀ ਗੰਦਗੀ। ਪਰਮੇਸ਼ੁਰ ਜੀਵਨ ਦਾ ਪਰਮੇਸ਼ੁਰ ਹੈ। ਉਸ ਦੀ ਪਵਿੱਤਰਤਾ ਵਿਚ, ਨਾ ਹੀ ਉਹ ਖੁਦ ਨਾ ਹੀ ਉਸ ਦੇ ਲੋਕ ਮੌਤ ਦੀ ਹਜ਼ੂਰੀ ਵਿਚ ਰਹਿ ਸਕਦੇ ਹਨ। ਬਾਈਬਲ ਵਿਚ ਹਰ ਥਾਂ ਤੇ, ਮੌਤ ਨੂੰ ਇਕ ਸਰਾਪ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਇਹ ਕਿਸੇ ਨਾ ਕਿਸੇ ਤਰੀਕੇ ਪਾਪ ਨਾਲ ਜੁੜੀ ਹੋਈ ਹੈ। ਮਸੀਹੀ ਲੋਕ ਇਕ ਸਮੇਂ ਉਨ੍ਹਾਂ ਦੇ ਪਾਪ ਦੇ ਕਾਰਣ ਮੁਰਦੇ ਸਨ ਪਰ ਉਨ੍ਹਾਂ ਨੂੰ ਖੁਸ਼ਖ਼ਬਰੀ ਦੀ ਅਗਿਆਕਾਰੀ ਦੇ ਨਾਲ ਮਸੀਹ ਦੇ ਲਹੂ ਦੁਆਰਾ ਜਿਵਾਲਿਆ ਗਿਆ ਹੈ (ਅਫ਼ਸੀਆਂ 2:1, 2; ਰੋਮੀਆਂ 6:3-6)। ਉਦੋਂ ਤੋਂ ਹੀ, ਪਰਮੇਸ਼ੁਰ ਦੇ ਲੋਕ ਹੋਣ ਦੇ ਨਾਤੇ, ਮਸੀਹੀ ਲੋਕਾਂ ਨੂੰ ਪਾਪ ਅਤੇ ਇਸ ਦੇ ਨਤੀਜਿਆਂ ਅਤੇ ਮੌਤ ਦੀ ਗੰਦਗੀ ਤੋਂ ਬਚਣਾ ਭਾਲਣਾ ਚਾਹੀਦਾ ਹੈ (ਰੋਮੀਆਂ 6:23)।

3. ਵਿਵਾਹਿਤ ਜੀਵਨ ਸੰਬੰਧੀ ਵਫ਼ਾਦਾਰੀ ਦੀ ਮਹੱਤਤਾ। ਪਤੀਆਂ ਅਤੇ ਪਤਨੀਆਂ ਨੂੰ ਜ਼ਨਾਹ ਨਾ ਕਰਨ ਦੇ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਕਾਮ-ਵਾਸ਼ਨਾ ਦੀ ਵੀ ਮਨਾਹੀ ਕੀਤੀ ਗਈ ਹੈ (ਮੱਤੀ 5:28)।

4. ਸ਼ੱਕ ਦੀ ਘਾਟ। ਔਰਤ ਨੂੰ ਨਿਰਾ ਉਸ ਦੇ ਪਤੀ ਦੇ ਸ਼ੱਕ ਦੇ ਕਾਰਣ ਜ਼ਨਾਹਕਾਰੀ ਦਾ

ਦੋਸ਼ੀ ਨਹੀਂ ਸੀ ਗਿਣਿਆ ਜਾਣਾ ਚਾਹੀਦਾ। ਇਸ ਤੋਂ ਪਹਿਲਾਂ ਕਿ ਉਸ ਨੂੰ ਸਜ਼ਾ ਦਿੱਤੀ ਜਾਂਦੀ ਉਸ ਦਾ ਦੋਸ਼ ਸਾਬਤ ਕਰਨਾ ਚਾਹੀਦਾ ਸੀ। ਅਸੀਂ ਕਈ ਵਾਰ ਕਲਪਨਾ ਕਰਦੇ ਹਾਂ ਕਿ ਗਲਤੀ ਦਾ ਸ਼ੱਕ ਕਥਿਤ ਪਾਪੀ ਨੂੰ "ਦੋਸ਼ੀ ਠਹਿਰਾਉਣ" ਦੇ ਲਈ ਕਾਫੀ ਹੈ। ਮਸੀਹੀ ਹੋਣ ਦੇ ਨਾਤੇ, ਨਵੇਂ ਅਤੇ ਪੁਰਾਣੇ ਦੋਹਾਂ ਨੇਮਾਂ ਵਿਚ ਬਾਈਬਲ ਦੇ ਸਿਧਾਂਤਾਂ ਦੀ ਪਾਲਣਾ ਕਰਕੇ, ਸਾਨੂੰ ਹਮੇਸ਼ਾ ਦੂਜਿਆਂ ਨੂੰ ਸ਼ੱਕ ਦਾ ਲਾਭ ਦੇਣਾ ਚਾਹੀਦਾ ਹੈ। ਅਸੀਂ ਗਲਤੀ ਦੇ ਦੋਸ਼ੀ ਵਿਅਕਤੀ ਨੂੰ ਤਦ ਤੱਕ ਨਿਰਦੋਸ਼ ਸਮਝਾਂਗੇ ਜਦੋਂ ਤੱਕ ਉਹ ਦੋਸ਼ੀ ਸਾਬਤ ਨਹੀਂ ਹੋ ਜਾਂਦਾ।

### ਕੀ ਸਵੱਛਤਾ ਭਗਤੀ ਨਾਲੋਂ ਵੀ ਵੱਧ ਕੇ ਹੈ? (5:1-4)

ਪੁਰਾਣੇ ਨੇਮ ਵਿਚ ਰਸਮੀ ਤੌਰ ਤੇ ਪਾਣੀ ਵਿਚ ਪੈਰ ਧੋਣ ਦੀ ਰੀਤ ਨੂੰ ਪੂਰਾ ਕਰਨ ਦੇ ਲਈ ਧੋਣ ਦੀ ਰੀਤ ਅੱਜ ਦੇ ਲੋਕਾਂ ਨੂੰ ਇਹ ਵਿਸ਼ਵਾਸ ਕਰਨ ਵੱਲ ਲੈ ਕੇ ਜਾ ਸਕਦੀ ਹੈ ਕਿ ਪਰਮੇਸ਼ੁਰ ਸਰੀਰਕ ਸਫ਼ਾਈ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ। ਸੱਚਮੁੱਚ, ਕਈਆਂ ਨੇ ਜ਼ੋਰ ਦਿੱਤਾ ਹੈ ਕਿ ਬਿਵਸਥਾ ਵਿਚ ਅਜਿਹੀਆਂ ਬਿਧੀਆਂ ਦਾ ਉਦੇਸ਼ ਪਰਮੇਸ਼ੁਰ ਦੇ ਲੋਕਾਂ ਨੂੰ ਤੰਦਰੁਸਤ ਰੱਖਣਾ ਸੀ। ਪਰ, ਇਸ ਕਥਨ ਨੂੰ ਅਪਨਾਉਣ ਤੋਂ ਪਹਿਲਾਂ ਕਿ "ਸਵੱਛਤਾ ਭਗਤੀ ਨਾਲੋਂ ਵੀ ਵੱਧ ਕੇ ਹੈ" ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਪੁਰਾਣੇ ਨੇਮ ਵਿਚ ਅਸਨਾਨ ਜਾਂ ਪੈਰ ਧੋਣ ਦਾ ਉਦੇਸ਼ *ਰਸਮੀ* ਸ਼ੁੱਧਤਾ ਨੂੰ ਉਤਪੰਨ ਕਰਨਾ ਸੀ; ਸਰੀਰ ਦੀ ਸਫ਼ਾਈ ਉਸ ਵਿਧੀ ਦਾ ਪ੍ਰਤੀਫਲ ਸੀ। ਇਸ ਤੋਂ ਇਲਾਵਾ, ਅਜਿਹੇ ਸਾਰੇ ਸ਼ੁੱਧਕਿਰਣ ਬਿਵਸਥਾ ਦਾ ਹਿੱਸਾ ਸਨ ਅਤੇ ਨਵੇਂ ਨੇਮ ਦਾ ਹਿੱਸਾ ਨਹੀਂ ਹਨ। ਮਸੀਹੀ ਹੋਣ ਦੇ ਨਾਤੇ, ਅਸੀਂ ਨਾ ਤਾਂ ਪੁਰਾਣੇ ਨੇਮ ਦੀ ਸ਼ੁੱਧਤਾ ਦੀਆਂ ਬਿਧੀਆਂ ਦੇ ਅਧੀਨ ਹਾਂ ਨਾ ਹੀ ਸਾਨੂੰ ਯਹੂਦੀ ਭੋਜਨ ਨਾਲ ਸੰਬੰਧਤ ਬਿਧੀਆਂ ਦਾ ਪਾਲਣ ਕਰਨ ਦੀ ਲੋੜ ਹੈ। ਸਾਫ਼ ਹੋਣ ਦੇ ਲਈ ਇਸਨਾਨ ਕਰਨਾ ਜ਼ਰੂਰੀ ਹੈ, ਪਰ ਪਰਮੇਸ਼ੁਰ ਇਸ ਗੱਲ ਦੀ ਬਿਲਕੁਲ ਮੰਗ ਨਹੀਂ ਕਰਦਾ ਕਿ ਮਸੀਹੀ ਲੋਕ ਰਸਮੀ ਇਸਨਾਨਾਂ ਵਿਚ ਹਿੱਸਾ ਲੈਣ।

---

ਟਿੱਪਣੀਆਂ

[1]ਉਹ ਜਿਹੜੇ ਅਸ਼ੁੱਧ ਸਨ ਉਨ੍ਹਾਂ ਨੂੰ ਡੇਹਰੇ ਵਿੱਚੋਂ ਬਾਹਰ ਕੱਢਣਾ (ਉਨ੍ਹਾਂ ਨੂੰ ਅਲੱਗ ਕਰਨਾ) ਸਾਫ਼ ਸਫ਼ਾਈ ਦੇ ਉਦੇਸ਼ ਨੂੰ ਵੀ ਪੂਰਾ ਕਰਦਾ ਸੀ ਅਤੇ ਰੋਗ ਨੂੰ ਫੈਲਣ ਤੋਂ ਵੀ ਰੋਕਦਾ ਸੀ। [2]ਇਨ੍ਹਾਂ ਸਮਾਨਤਾਵਾਂ ਦੇ ਕੁਝ ਵਰਣਨ ਗੋਰਡਨ ਜੇ. ਵੈਨਹਮ ਦੀ ਪੁਸਤਕ *ਗਿਣਤੀ* ਵਿਚ ਦਿੱਤੇ ਗਏ ਹਨ, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981), 80; ਰੋਨਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬਲੀਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 743 ਤੇ "ਗਿਣਤੀ" ਹੈ। [3]ਜੇਮਸ ਬਰਟਨ ਕੋਫਮੈਨ, *ਕਮੈਂਟਰੀ ਆਨ ਲੇਵੀਆਂ ਦੀ ਪੋਥੀ ਐਂਡ ਗਿਣਤੀ: ਦ ਥਰਡ ਐਂਡ ਫੋਰਥ ਬੁਕਸ ਆਫ਼ ਮੋਜਜ* (ਐਬੀਲੀਨ, ਟੈਕਸਾਸ: ਏ.ਸੀ.ਯੂ. ਪ੍ਰੈਸ, 1987), 306-8. [4]ਐਲਨ, 746. [5]ਜੂਲੀਅਸ ਐਚ. ਗਰੀਨਸਟੋਨ, *ਗਿਣਤੀ*, ਦ ਹੋਲੀ ਸਕਰਿਪਚਰਸ ਵਿਦ ਕਮੈਂਟਰੀ (ਫਿਲਾਡੈਲਫੀਆ: ਜੂਇਸ਼ ਪਬਲੀਕੇਸ਼ਨਜ਼ ਸੋਸਾਇਟੀ ਆਫ਼ ਅਮੈਰੀਕਾ, 1939), 48. [6]ਉਸੇ ਸਥਾਨ ਤੇ, 53.